3-DEC-PAGE-1.qxd 12/2/2023 11:07 PM Page 1

ਐਤਵਾਰ, 3 ਦਸੰਬਰ, 2023
18 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 183

ਨਵਾਂ ਜ਼ਮਾਨਾ

DAILY NAWAN ZAMANA • SUNDAY, 3 DECEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਜਿੱਤਾਂਗੇ : ਮਾਨ, ਕੇਜਰੀਵਾਲ

ਗੁਰਦਾਸਪੁਰ ਤੇ ਪਠਾਨਕੋਟ 'ਚ ਕਈ ਪ੍ਰਾਜੈਕਟਾਂ ਦਾ ਉਦਘਾਟਨ ਤੇ ਨੀਂਹ ਪੱਥਰ

ਗੁਰਦਾਸਪੁਰ (ਜਨਕ ਮਹਾਜਨ/ਦਿਨੇਸ਼ ਕੁਮਾਰ)

ਸਰਹੱਦੀ ਜ਼ਿਲ੍ਹਿਆਂ ਗੁਰਦਾਸਪੁਰ ਅਤੇ ਪਠਾਨਕੋਟ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੂਬੇ ਵਿੱਚ 'ਵਿਕਾਸ ਕ੍ਰਾਂਤੀ' ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਦਿਆਂ ਸ਼ਨੀਵਾਰ 1854 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ ਅਤੇ ਕਈ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ। ਇਸ ਦੌਰਾਨ ਦੋਵਾਂ ਮੁੱਖ ਮੰਤਰੀਆਂ ਨੇ ਸਰਹੱਦੀ ਜ਼ਿਲ੍ਹਿਆਂ ਲਈ ਨਵੇਂ ਪ੍ਰਾਜੈਕਟਾਂ ਦਾ ਐਲਾਨ ਵੀ ਕੀਤਾ।

ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਪੇਸ਼ੀਨਗੋਈ ਕੀਤੀ ਕਿ ਰਵਾਇਤੀ ਪਾਰਟੀਆਂ ਦੇ ਭ੍ਰਿਸ਼ਟ ਆਗੂਆਂ ਤੋਂ ਲੋਕ ਤੰਗ ਆ ਚੁੱਕੇ ਹਨ ਅਤੇ ਆਗਾਮੀ ਆਮ ਚੋਣਾਂ ਦੌਰਾਨ ਆਪ ਸੂਬੇ 'ਚ ਸਾਰੀਆਂ ਸੀਟਾਂ ਉਤੇ ਹੂੰਝਾ ਫੇਰ ਜਿੱਤ ਹਾਸਲ ਕਰੇਗੀ। ਲੋਕਾਂ ਨੇ ਸਾਰੀਆਂ 13 ਸੀਟਾਂ ਅਤੇ ਚੰਡੀਗੜ੍ਹ ਦੀ ਇਕ ਸੀਟ ਉਤੇ ਆਪ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ। ਦੂਜੀਆਂ ਪਾਰਟੀਆਂ ਦਾ ਖ਼ਾਤਾ ਤੱਕ ਨਹੀਂ ਖੁੱਲ੍ਹੇਗਾ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲ ਰਹੇ ਲੋਕਾਂ ਦੇ ਭਾਰੀ ਸਮਰਥਨ ਸਦਕਾ ਉਹ ਦਿਨ ਦੂਰ ਨਹੀਂ, ਜਦੋਂ ਆਮ ਆਦਮੀ ਪਾਰਟੀ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਕਰੇਗੀ।

ਮਾਨ ਨੇ ਕਿਹਾ ਕਿ ਇਸ ਧਰਤੀ ਨੂੰ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਹੈ ਅਤੇ ਇੱਥੋਂ ਦੇ ਲੋਕ ਸੁਭਾਅ ਪੱਖੋਂ ਬਹਾਦਰ ਤੇ ਮਿਹਨਤੀ ਹਨ। ਮਾਨ ਨੇ ਕਿਹਾ ਕਿ ਭਾਵੇਂ ਇਸ ਇਲਾਕੇ ਤੋਂ ਚੁਣੇ ਹੋਏ ਆਗੂ ਹਮੇਸ਼ਾ ਅਹਿਮ ਅਹੁਦਿਆਂ ਉਤੇ ਰਹੇ ਪਰ ਉਨ੍ਹਾਂ ਕਦੇ ਵੀ ਇਸ ਖਿੱਤੇ ਤੇ ਇਸ ਦੇ ਲੋਕਾਂ ਦੇ ਵਿਕਾਸ ਦੀ ਪਰਵਾਹ ਨਹੀਂ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਲੋਕਾਂ ਦੀ ਭਲਾਈ ਦੇ ਉਦੇਸ਼ ਵਾਲੇ ਪ੍ਰਾਜੈਕਟਾਂ ਨੂੰ ਸੂਬਾ ਸਰਕਾਰ ਵੱਲੋਂ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ। ਪਿਛਲੇ ਸਮਿਆਂ ਵਿੱਚ ਪ੍ਰਾਜੈਕਟ ਸਿਰਫ਼ ਕਾਗਜ਼ਾਂ ਤੱਕ ਸੀਮਤ ਰਹਿੰਦੇ ਸਨ ਅਤੇ ਉਨ੍ਹਾਂ ਦਾ ਆਮ ਲੋਕਾਂ ਦੀ ਭਲਾਈ ਨਾਲ ਕੋਈ ਸਰੋਕਾਰ ਨਹੀਂ ਸੀ। ਉਨ੍ਹਾ ਕਿਹਾ ਕਿ ਸਾਡੀ ਸਰਕਾਰ ਨੇ ਪ੍ਰਸ਼ਾਸਨਕ ਕੰਮਕਾਜ ਵਿੱਚ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਦੀ ਸ਼ੁਰੂਆਤ ਕੀਤੀ ਹੈ, ਜਿਸ ਨਾਲ ਸਿਰਫ਼ ਸੜਕਾਂ ਦੇ ਤਖ਼ਮੀਨਿਆਂ ਵਿੱਚੋਂ ਹੀ ਸਰਕਾਰ ਨੇ 163.26 ਕਰੋੜ ਰੁਪਏ ਦੀ ਬੱਚਤ ਕੀਤੀ ਹੈ ਅਤੇ 546 ਕਿਲੋਮੀਟਰ ਅਜਿਹੀਆਂ ਸੜਕਾਂ ਦਾ ਪਤਾ ਚੱਲਿਆ ਹੈ, ਜਿਨ੍ਹਾਂ ਦੀ ਕੋਈ ਹੋਂਦ ਹੀ ਨਹੀਂ ਹੈ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਦੇ ਪੈਸੇ ਦੀ ਇਹ ਲੁੱਟ ਰੁਕੀ ਹੈ ਅਤੇ ਹੁਣ ਕਰਦਾਤਾਵਾਂ ਦਾ ਪੈਸਾ ਹੜੱਪ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਕਾਰਨ ਲੋਕ ਹਮੇਸ਼ਾ ਸਾਡੀ ਪਾਰਟੀ ਦੀ ਹਮਾਇਤ ਕਰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੇ ਪਿਆਰ ਸਦਕਾ ਪਾਰਟੀ ਨੂੰ ਆਪਣੀ ਹੋਂਦ ਦੇ ਮਹਿਜ਼ 11 ਸਾਲਾਂ ਵਿੱਚ ਹੀ ਕੌਮੀ ਪਾਰਟੀ ਦਾ ਦਰਜਾ ਮਿਲਿਆ ਹੈ।

ਦੋਵਾਂ ਮੁੱਖ ਮੰਤਰੀਆਂ ਨੇ ਲੋਕਾਂ ਨੂੰ 402 ਕਰੋੜ ਰੁਪਏ ਦੀ ਲਾਗਤ ਨਾਲ ਗੁਰਦਾਸਪੁਰ ਸਹਿਕਾਰੀ ਖੰਡ ਮਿੱਲ ਵਿਖੇ ਕੋ-ਜਨਰੇਸ਼ਨ ਪਲਾਂਟ ਨਾਲ ਨਵੀਂ ਖੰਡ ਮਿੱਲ ਅਤੇ 296 ਕਰੋੜ ਰੁਪਏ ਦੀ ਲਾਗਤ ਨਾਲ ਬਟਾਲਾ ਸਹਿਕਾਰੀ ਖੰਡ ਮਿੱਲ ਵਿਖੇ ਕੋ-ਜਨਰੇਸ਼ਨ ਨਾਲ ਨਵੀਂ ਖੰਡ ਮਿੱਲ ਦਾ ਤੋਹਫਾ ਦਿੱਤਾ। ਇਹ ਮਾਣਮੱਤੇ ਪ੍ਰਾਜੈਕਟ ਜਨਵਰੀ 2024 ਨੂੰ ਕਾਰਜਸ਼ੀਲ ਹੋਣਗੇ। ਉਨ੍ਹਾਂ ਵਡਾਲਾ ਗ੍ਰੰਥੀਆਂ ਵਿਖੇ 360.83 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ 400 ਕੇ ਵੀ ਪਾਵਰ ਪ੍ਰਾਜੈਕਟ ਅਤੇ ਪੀ ਐੱਸ ਪੀ ਸੀ ਐੱਲ ਦੀ ਆਰ ਡੀ ਐੱਸ ਐੱਸ ਸਕੀਮ ਤਹਿਤ ਗੁਰਦਾਸਪੁਰ ਵਿਖੇ 129.54 ਕਰੋੜ ਰੁਪਏ ਅਤੇ ਪਠਾਨਕੋਟ ਵਿਖੇ 93.24 ਕਰੋੜ ਰੁਪਏ ਦੇ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ।

ਇਸੇ ਤਰ੍ਹਾਂ ਦੋਵਾਂ ਮੁੱਖ ਮੰਤਰੀਆਂ ਨੇ ਪਠਾਨਕੋਟ ਵਾਸੀਆਂ ਨੂੰ 53.30 ਕਰੋੜ ਰੁਪਏ ਦੀ ਲਾਗਤ ਨਾਲ ਸਿਹਤ ਸੰਭਾਲ ਬੁਨਿਆਦੀ ਢਾਂਚੇ ਜਿਵੇਂ ਕਿ ਓ ਪੀ ਡੀ, ਲੈਬਜ਼ ਓ ਟੀ, ਕਾਰ ਪਾਰਕਿੰਗ ਦੇ ਨਵੀਨੀਕਰਨ ਦਾ ਤੋਹਫ਼ਾ ਦਿੱਤਾ। ਉਨ੍ਹਾਂ ਬਟਾਲਾ ਵਾਸੀਆਂ ਨੂੰ 52.81 ਕਰੋੜ ਰੁਪਏ ਦੀ ਲਾਗਤ ਨਾਲ 220 ਕੇ ਵੀ ਐੱਸ/ ਐੱਸ ਬੁਟਾਰੀ ਅਤੇ 400 ਕੇ ਵੀ ਐੱਸ/ਐੱਸ ਵਡਾਲਾ ਗ੍ਰੰਥੀਆਂ ਵਿਚਕਾਰ 220 ਕੇ ਵੀ ਡੀ/ ਸੀ ਲਿੰਕ ਅਤੇ 50 ਕਰੋੜ ਰੁਪਏ ਦੀ ਲਾਗਤ ਵਾਲਾ ਸੀਵਰੇਜ ਟਰੀਟਮੈਂਟ ਦਿੱਤਾ। ਬਟਾਲਾ ਸਹਿਕਾਰੀ ਖੰਡ ਮਿੱਲ ਵਿਖੇ 40 ਕਰੋੜ ਰੁਪਏ ਦੀ ਲਾਗਤ ਨਾਲ ਬੀ ਓ ਟੀ ਆਧਾਰ 'ਤੇ ਸਥਾਪਤ ਕੀਤਾ ਜਾ ਰਿਹਾ 100 ਟੀ ਪੀ ਟੀ ਸਮਰੱਥਾ ਵਾਲਾ ਨਵਾਂ ਬਾਇਓ ਸੀ ਐੱਨ ਜੀ ਪ੍ਰੋਜੈਕਟ ਵੀ ਦਿੱਤਾ, ਜੋ ਇਸ ਮਹੀਨੇ ਤੱਕ ਚਾਲੂ ਹੋ ਜਾਵੇਗਾ। ਦੋਵਾਂ ਮੁੱਖ ਮੰਤਰੀਆਂ ਨੇ ਗੁਰਦਾਸਪੁਰ 'ਚ 220 ਕੇ ਵੀ ਨਵਾਂ ਪਿੰਡ (66 ਕੇਵੀ ਐਸ/ਐਸ ਦੇ ਅਹਾਤੇ ਵਿੱਚ ਨਵਾਂ ਗਰਿੱਡ), 220 ਕੇ ਵੀ ਗੁਰਦਾਸਪੁਰ ਸਮੇਤ ਐੱਸ ਏ ਐੱਸ ਅਤੇ ਨਵੀਂ 66 ਕੇ ਵੀ ਲਾਈਨਾਂ ਅਤੇ 66 ਕੇ ਵੀ ਲਾਈਨਾਂ (ਗੁਰਦਾਸਪੁਰ ਅਤੇ ਪਠਾਨਕੋਟ) ਦੇ ਵਿਸਥਾਰ ਦੀ ਵੀ ਸ਼ੁਰੂਆਤ ਕੀਤੀ, ਜਿਸ ਦੀ ਲਾਗਤ ਕ੍ਰਮਵਾਰ 39.74 ਕਰੋੜ ਰੁਪਏ, 33.44 ਕਰੋੜ ਰੁਪਏ ਅਤੇ 30 ਕਰੋੜ ਰੁਪਏ ਹੈ। ਉਨ੍ਹਾਂ ਸੁਜਾਨਪੁਰ ਦੇ ਵਸਨੀਕਾਂ ਨੂੰ 28.55 ਕਰੋੜ ਰੁਪਏ ਦੀ ਲਾਗਤ ਨਾਲ ਸ਼ਾਹਪੁਰ ਕੰਢੀ ਹਾਈਡਲ ਪ੍ਰੋਜੈਕਟ ਦੇ ਨਿਕਾਸੀ ਸਿਸਟਮ ਦਾ ਪ੍ਰਾਜੈਕਟ ਵੀ ਦਿੱਤਾ। ਕਲਾਨੌਰ ਵਿਖੇ 22 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਐਗਰੀਕਲਚਰ ਕਾਲਜ ਦਾ ਨੀਂਹ ਪੱਥਰ ਵੀ ਰੱਖਿਆ। 100 ਏਕੜ ਤੋਂ ਵੱਧ ਰਕਬੇ ਵਿੱਚ ਬਣਨ ਵਾਲਾ ਇਹ ਕਾਲਜ ਕਲਾਨੌਰ ਲਈ ਵਰਦਾਨ ਸਾਬਤ ਹੋਵੇਗਾ ਅਤੇ ਖੇਤੀਬਾੜੀ ਵਿਕਾਸ ਲਈ ਇੱਕ ਵਿਸ਼ੇਸ਼ ਖੋਜ ਕੇਂਦਰ ਵਜੋਂ ਉਭਰੇਗਾ। ਦੋਵਾਂ ਨੇ ਟਰੈਫਿਕ ਦੀ ਵੱਡੀ ਸਮੱਸਿਆ

● ਬਾਕੀ ਸਫ਼ਾ 2 'ਤੇ

ਕੈਪੀਟਲ ਹਿੰਸਾ : ਟਰੰਪ ਖਿਲਾਫ ਕੇਸ ਚੱਲੇਗਾ

ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਅਮਰੀਕਾ ਦੀ ਸੰਘੀ ਅਪੀਲੀ ਅਦਾਲਤ ਨੇ ਸ਼ੁੱਕਰਵਾਰ ਕੈਪੀਟਲ ਹਿੰਸਾ ਮਾਮਲੇ 'ਚ ਟਰੰਪ ਵਿਰੁੱਧ ਮੁਕੱਦਮਾ ਚਲਾਉਣ ਦਾ ਆਦੇਸ਼ ਦਿੱਤਾ ਹੈ। ਪਹਿਲਾਂ ਤੋਂ ਹੀ ਕਈ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਟਰੰਪ 'ਤੇ ਹੁਣ ਕਾਰਵਾਈ ਹੋ ਸਕਦੀ ਹੈ। ਟਰੰਪ ਨੇ ਕੈਪੀਟਲ ਹਿੰਸਾ ਮਾਮਲੇ 'ਚ ਅਪੀਲ ਕੀਤੀ ਸੀ ਕਿ ਉਸ ਵਿਰੁੱਧ ਦਰਜ ਮਾਮਲੇ ਨੂੰ ਖ਼ਾਰਜ ਕਰ ਦਿੱਤਾ ਜਾਵੇ। ਟਰੰਪ ਨੇ ਅਪੀਲ 'ਚ ਕਿਹਾ ਸੀ ਕਿ ਹਿੰਸਾ ਸਮੇਂ ਉਹ ਰਾਸ਼ਟਰਪਤੀ ਅਹੁਦੇ 'ਤੇ ਸਨ ਤੇ ਰਾਸ਼ਟਰਪਤੀ ਹੋਣ ਦੇ ਨਾਤੇ ਉਨ੍ਹਾ ਨੂੰ ਵਿਰੋਧੀ ਪਾਰਟੀ ਤੇ ਪੁਲਸ ਅਧਿਕਾਰੀਆਂ ਵੱਲੋਂ ਦਰਜ ਕਰਾਏ ਗਏ ਮੁਕੱਦਮੇ ਤੋਂ ਛੋਟ ਦਿੱਤੀ ਜਾਣੀ ਚਾਹੀਦੀ ਹੈ। ਤਿੰਨ ਜੱਜਾਂ ਦੇ ਪੈਨਲ ਨੇ ਕਿਹਾ ਹੈ ਕਿ ਟਰੰਪ 2024 ਦੀ ਚੋਣ ਲੜ ਸਕਦੇ ਹਨ ਪਰ ਨਾਲ-ਨਾਲ ਕਾਨੂੰਨੀ ਕਾਰਵਾਈ ਵੀ ਚੱਲਦੀ ਰਹੇਗੀ। 2020 'ਚ ਅਮਰੀਕਾ 'ਚ ਰਾਸ਼ਟਰਪਤੀ ਚੋਣ ਦੇ ਨਤੀਜਿਆਂ 'ਚ ਤਤਕਾਲੀ ਰਾਸ਼ਟਰਪਤੀ ਟਰੰਪ ਦੀ ਹਾਰ ਹੋਈ ਸੀ। ਇਸ ਤੋਂ ਬਾਅਦ ਉਸ ਦੇ ਸਮਰਥਕਾਂ ਨੇ ਕੈਪੀਟਲ ਹਿੱਲ ਦਾ ਘਿਰਾਓ ਕਰਕੇ ਸੰਸਦ ਭਵਨ 'ਚ ਭੰਨਤੋੜ ਤੇ ਸਾੜਫੂਕ ਕੀਤੀ। 6 ਜਨਵਰੀ 2021 ਨੂੰ ਹੋਈ ਇਸ ਹਿੰਸਾ 'ਚ ਇਕ ਪੁਲਸ ਅਧਿਕਾਰੀ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਸੀ। ਇਸ ਮਾਮਲੇ 'ਚ ਕਈ ਲੋਕਾਂ ਨੂੰ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਮਾਮਲੇ ਦੀ ਜਾਂਚ ਕਰ ਰਹੀ ਕਮੇਟੀ ਨੇ ਟਰੰਪ 'ਤੇ ਹਾਰ ਦੇ ਫ਼ੈਸਲੇ ਨੂੰ ਪਲਟਣ, ਬਗਾਵਤ ਭੜਕਾਉਣ, ਸਰਕਾਰੀ ਕਾਰਵਾਈ 'ਚ ਰੁਕਾਵਟ ਪਾਉਣ, ਸਾਜ਼ਿਸ਼ ਰਚਣ ਤੇ ਦੇਸ਼ ਨੂੰ ਧੋਖਾ ਦੇਣ ਵਰਗੇ ਦੋਸ਼ ਲਗਾਏ ਸਨ।

ਅਮਰੀਕੀ ਸੈਨੇਟਰਾਂ ਵੱਲੋਂ ਚੀਨ ਦੀ ਯਾਤਰਾ 'ਤੇ ਰੋਕ ਦੀ ਮੰਗ

ਵਾਸ਼ਿੰਗਟਨ : ਮਾਰਕੋ ਰੂਬੀਓ ਦੀ ਅਗਵਾਈ 'ਚ ਪੰਜ ਰਿਪਬਲਿਕਨ ਸੈਨੇਟਰਾਂ ਨੇ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੂੰ ਚੀਨ 'ਚ ਸਾਹ ਦੀ ਬਿਮਾਰੀ ਦੇ ਮਾਮਲਿਆਂ 'ਚ ਵਾਧੇ ਤੋਂ ਬਾਅਦ ਅਮਰੀਕਾ ਤੇ ਚੀਨ ਦਰਮਿਆਨ ਯਾਤਰਾ 'ਤੇ ਪਾਬੰਦੀ ਲਗਾਉਣ ਲਈ ਕਿਹਾ ਹੈ।

ਸੈਨੇਟ ਇੰਟੈਲੀਜੈਂਸ ਕਮੇਟੀ ਦੇ ਨੇਤਾ ਰਿਪਬਲਿਕਨ ਰੂਬੀਓ ਅਤੇ ਸੈਨੇਟਰ ਜੇਡੀ ਸਣੇ 5 ਸੈਨੇਟਰਾਂ ਦੇ ਦਸਤਖਤਾਂ ਵਾਲੇ ਪੱਤਰ 'ਚ ਕਿਹਾ ਗਿਆ ਹੈ-ਸਾਨੂੰ ਅਮਰੀਕਾ ਅਤੇ ਚੀਨ ਵਿਚਕਾਰ ਯਾਤਰਾ 'ਤੇ ਤੁਰੰਤ ਪਾਬੰਦੀ ਲਗਾਉਣੀ ਚਾਹੀਦੀ ਹੈ, ਜਦੋਂ ਤੱਕ ਅਸੀਂ ਇਸ ਨਵੀਂ ਬਿਮਾਰੀ ਤੋਂ ਪੈਦਾ ਹੋਏ ਖਤਰਿਆਂ ਬਾਰੇ ਹੋਰ ਨਹੀਂ ਜਾਣਦੇ।

ਇਜ਼ਰਾਈਲੀ ਕੌਂਸਲਖਾਨੇ ਅੱਗੇ ਆਤਮਦਾਹ

ਅਟਲਾਂਟਾ : ਇੱਥੇ ਇਜ਼ਰਾਈਲੀ ਕੌਂਸਲਖਾਨੇ ਦੇ ਬਾਹਰ ਆਪਣੇ ਆਪ ਨੂੰ ਅੱਗ ਲਾਉਣ ਤੋਂ ਬਾਅਦ ਇੱਕ ਪ੍ਰਦਰਸ਼ਨਕਾਰੀ ਗੰਭੀਰ ਹਾਲਤ 'ਚ ਹੈ। ਉਸ ਨੂੰ ਰੋਕਣ ਵਾਲਾ ਸੁਰੱਖਿਆ ਗਾਰਡ ਜ਼ਖਮੀ ਹੋ ਗਿਆ। ਪੁਲਸ ਮੁਤਾਬਕ ਮੌਕੇ ਤੋਂ ਇੱਕ ਫਲਸਤੀਨੀ ਝੰਡਾ ਮਿਲਿਆ ਹੈ। ਘਟਨਾ ਦਾ ਅੱਤਵਾਦ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਕੌਂਸਲਖਾਨੇ ਦੇ ਕਿਸੇ ਸਟਾਫ ਨੂੰ ਕੋਈ ਖਤਰਾ ਨਹੀਂ ਹੈ।

ਪੁਲਸ ਅਧਿਕਾਰੀ ਨੇ ਕਿਹਾ ਕਿ ਇਹ ਬਹੁਤ ਜ਼ਿਆਦਾ ਸਿਆਸੀ ਵਿਰੋਧ ਦੀ ਕਾਰਵਾਈ ਸੀ। ਇਜ਼ਰਾਈਲ ਹਮਲੇ ਕਾਰਨ ਗਾਜ਼ਾ 'ਚ ਮੌਤਾਂ ਦੀ ਵਧਦੀ ਗਿਣਤੀ ਕਾਰਨ ਅਮਰੀਕਾ 'ਚ ਵਿਆਪਕ ਪ੍ਰਦਰਸ਼ਨ ਹੋ ਰਹੇ ਹਨ ਅਤੇ ਤਣਾਅ ਵਧ ਗਿਆ ਹੈ।

ਧੁੰਦਲੇ ਮੌਸਮ ਕਾਰਨ 20 ਜਹਾਜ਼ ਦਿੱਲੀ ਨਹੀਂ ਉਤਰ ਸਕੇ

ਨਵੀਂ ਦਿੱਲੀ : ਇੱਥੇ ਉਤਰਨ ਵਾਲੇ 20 ਜਹਾਜ਼ਾਂ ਨੂੰ ਸ਼ਨੀਵਾਰ ਧੁੰਦਲੇ ਮੌਸਮ ਕਾਰਨ ਸਵੇਰੇ 7 ਵਜੇ ਤੋਂ 10 ਵਜੇ ਦੇ ਵਿਚਕਾਰ ਜੈਪੁਰ, ਲਖਨਊ, ਅਹਿਮਦਾਬਾਦ ਅਤੇ ਅੰਮ੍ਰਿਤਸਰ ਵੱਲ ਮੋੜ ਦਿੱਤਾ ਗਿਆ। ਵਿਸਤਾਰਾ ਏਅਰਲਾਈਨ ਨੇ ਕਿਹਾ ਕਿ ਉਸ ਦੀਆਂ ਤਿੰਨ ਉਡਾਣਾਂ ਨੂੰ ਮੋੜਿਆ ਗਿਆ।

ਤ੍ਰਿਪੁਰਾ ਦੇ ਏਡਜ਼ ਪੀੜਤਾਂ 'ਚ 10 ਫੀਸਦੀ ਵਿਦਿਆਰਥੀ

ਅਗਰਤਲਾ : ਤ੍ਰਿਪੁਰਾ ਦੇ ਮੁੱਖ ਮੰਤਰੀ ਡਾ. ਮਾਨਿਕ ਸਾਹਾ ਨੇ ਐੱਚ ਆਈ ਵੀ/ਏਡਜ਼ ਦੇ ਵਧ ਰਹੇ ਮਾਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਵਿਦਿਆਰਥੀਆਂ 'ਚ ਮਾਮਲਿਆਂ ਦੀ ਗਿਣਤੀ ਚਿੰਤਾ ਦਾ ਕਾਰਨ ਬਣ ਰਹੀ ਹੈ। ਸੂਬੇ 'ਚ 5,269 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 575 ਵਿਦਿਆਰਥੀ ਹਨ। ਇਸ ਸਾਲ ਅਕਤੂਬਰ ਤੱਕ ਸੂਬੇ 'ਚ ਐੱਚ ਆਈ ਵੀ/ਏਡਜ਼ ਦੇ ਮਰੀਜ਼ਾਂ ਦੀ ਗਿਣਤੀ 5,269 ਸੀ, ਜਿਸ 'ਚ 1,022 ਔਰਤਾਂ, 4,246 ਮਰਦ ਅਤੇ 1 ਤੀਜਾ ਲਿੰਗ ਸ਼ਾਮਲ ਹੈ। ਉਨ੍ਹਾਂ ਵਿੱਚੋਂ 575 ਵਿਦਿਆਰਥੀ ਹਨ।

ਵਟਸਐਪ ਦੇ 75 ਲੱਖ ਖਾਤੇ ਬੰਦ

ਨਵੀਂ ਦਿੱਲੀ : ਮੈਟਾ-ਮਾਲਕੀਅਤ ਵਾਲੀ ਵਟਸਐਪ ਨੇ ਨਵੇਂ ਆਈ ਟੀ ਨਿਯਮਾਂ 2021 ਦੀ ਪਾਲਣਾ ਕਰਦੇ ਹੋਏ ਅਕਤੂਬਰ ਮਹੀਨੇ 'ਚ ਭਾਰਤ 'ਚ ਰਿਕਾਰਡ 75 ਲੱਖ ਤੋਂ ਵੱਧ ਖਾਤਿਆਂ 'ਤੇ ਪਾਬੰਦੀ ਲਗਾ ਦਿੱਤੀ। 1 ਤੋਂ 31 ਅਕਤੂਬਰ ਦੇ ਵਿਚਕਾਰ ਕੰਪਨੀ ਨੇ 7548000 ਖਾਤਿਆਂ 'ਤੇ ਪਾਬੰਦੀ ਲਗਾਈ ਹੈ। ਵਟਸਐਪ ਨੇ ਆਪਣੀ ਮਾਸਿਕ ਰਿਪੋਰਟ 'ਚ ਕਿਹਾ ਕਿ ਸਭ ਤੋਂ ਪ੍ਰਸਿੱਧ ਮੈਸੇਜਿੰਗ ਪਲੇਟਫਾਰਮ, ਜਿਸ ਦੇ ਦੇਸ਼ 'ਚ 50 ਕਰੋੜ ਤੋਂ ਵੱਧ ਉਪਭੋਗਤਾ ਹਨ, ਨੇ ਸਰਕਾਰੀ ਨਿਯਮਾਂ ਤਹਿਤ ਕਾਰਵਾਈ ਕਰਦਿਆਂ 75 ਲੱਖ ਤੋਂ ਵੱਧ ਖਾਤੇ ਬੰਦ ਕੀਤੇ।

ਚਾਰ ਅਸੰਬਲੀਆਂ ਦੇ ਚੋਣ ਨਤੀਜੇ ਅੱਜ

ਜੈਪੁਰ : ਬਹੁਮਤ ਮਿਲਦਾ ਨਾ ਦੇਖ ਕੇ ਰਾਜਸਥਾਨ ਵਿਚ ਕਾਂਗਰਸ ਤੇ ਭਾਜਪਾ ਨੇ ਸ਼ਨੀਵਾਰ ਆਜ਼ਾਦ ਉਮੀਦਵਾਰਾਂ, ਬਾਗੀਆਂ ਤੇ ਛੋਟੀਆਂ ਪਾਰਟੀਆਂ ਨਾਲ ਸੰਪਰਕ ਵਧਾ ਲਿਆ।

ਦੋਹਾਂ ਪਾਰਟੀਆਂ ਦੇ ਕਰੀਬ 40 ਬਾਗੀ ਮੈਦਾਨ ਵਿਚ ਸਨ ਤੇ ਉਨ੍ਹਾਂ ਵੱਲੋਂ ਉਲਟ-ਫੇਰ ਕਰ ਦੇਣ ਦਾ ਖਦਸ਼ਾ ਹੈ। ਰਾਜਸਥਾਨ ਤੋਂ ਇਲਾਵਾ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਤਿਲੰਗਾਨਾ ਅਸੰਬਲੀ ਲਈ ਪਈਆਂ ਵੋਟਾਂ ਦੀ ਗਿਣਤੀ ਐਤਵਾਰ ਸਵੇਰ ਤੋਂ ਸ਼ੁਰੂ ਹੋਵੇਗੀ।

ਡਰੋਨ ਨਾਲ ਬੰਨ੍ਹ ਕੇ ਭੇਜੇ ਪਿਸਤੌਲ ਬਰਾਮਦ

**ਭਿੱ

3-DEC-PAGE-1.qxd 12/2/2023 11:08 PM Page 2

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅਮਲੋਹ ਤੋਂ ਸੰਗਤਾਂ ਦੀ ਬੱਸ ਰਵਾਨਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)-ਅਮਲੋਹ ਸ਼ਹਿਰ ਦੀਆਂ ਸਮੁੱਚੀਆਂ ਸੰਗਤਾਂ ਦੀ ਇੱਕ ਬੱਸ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਸ਼੍ਰੋਮਣੀ ਅਕਾਲੀ ਦਲ ਦੇ ਅਮਲੋਹ ਦਫਤਰ ਅੱਗਿਓਂ ਅੱਜ ਦਰਸ਼ਨਾਂ ਲਈ ਰਵਾਨਾ ਕੀਤੀ ਗਈ। ਜਿਸ ਨੂੰ ਰਵਾਨਾ ਕਰਨ ਲਈ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਆਬਜ਼ਰਵਰ ਜਥੇਦਾਰ ਹਰਬੰਸ ਸਿੰਘ ਬਡਾਲੀ, ਕਰਮਜੀਤ ਸਿੰਘ ਭਗੜਾਣਾ, ਸੀਨੀਅਰ ਆਗੂ ਸੁਖਵਿੰਦਰ ਸਿੰਘ ਕਾਲਾ ਅਰੋੜਾ ਤੇ ਜਥੇਦਾਰ ਕੁਲਦੀਪ ਸਿੰਘ ਮਛਰਾਈ ਵੱਲੋਂ ਝੰਡੀ ਦਿਖਾ ਕਿ ਰਵਾਨਾ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਹਰਬੰਸ ਸਿੰਘ ਬਡਾਲੀ ਤੇ ਕਾਲਾ ਅਰੋੜਾ ਨੇ ਕਿਹਾ ਕਿ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਬਲਜਿੰਦਰ ਸਿੰਘ ਅਰੋੜਾ, ਹੈਪੀ ਰਾਜਪੁਰਾ ਤੇ ਮਾਲਵਾ ਟਰਾਂਸਪੋਰਟ ਦਾ ਵੱਡਾ ਉਪਰਾਲਾ ਹੈ। ਜਿਨ੍ਹਾਂ ਵੱਲੋਂ ਸਮੇਂ ਸਮੇਂ 'ਤੇ ਵੱਖ ਵੱਖ ਗੁਰੂਧਾਮਾਂ ਦੇ ਦਰਸ਼ਨਾਂ ਲਈ ਬੱਸਾਂ ਭੇਜ ਕੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾ ਰਹੇ ਹਨ। ਬਡਾਲੀ ਨੇ ਕਿਹਾ ਕਿ ਉਸੇ ਕੜੀ ਤਹਿਤ ਅੱਜ ਅਮਲੋਹ ਸ਼ਹਿਰ ਦੀਆਂ ਸੰਗਤਾਂ ਲਈ ਇਹ ਬੱਸ ਸ੍ਰੀ ਦਰਬਾਰ ਸਾਹਿਬ ਲਈ ਰਵਾਨਾ ਕੀਤੀ ਗਈ ਹੈ। ਇਸ ਮੌਕੇ ਬਾਬਾ ਗੁਰਦਿਆਲ ਸਿੰਘ ਅਮਲੋਹ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਗੁਲਜਾਰ ਸਿੰਘ, ਹਰਭਜਨ ਸਿੰਘ ਅਮਲੋਹ, ਕੇਵਲ ਧਰਮਗੜ੍ਹ, ਜਥੇਦਾਰ ਗੁਰਦੀਪ ਸਿੰਘ ਮੰਡੋਫਲ, ਕਾਲਾ ਗੋਸਲ, ਬਲਵਿੰਦਰ ਸਿੰਘ ਬਰੀਮਾ, ਜਥੇਦਾਰ ਸੁਰਜੀਤ ਸਿੰਘ ਬਰੌਗਾ,ਬਲਤੇਜ ਸਿੰਘ ਸਾਬਕਾ ਕੌਂਸਲਰ, ਦਮਨ ਸਿੰਘ ਮਾਨ, ਅਮਰੀਕ ਸਿੰਘ, ਰਵਿੰਦਰ ਸਿੰਘ, ਬਲਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਸਰਕਾਰੀ ਸੈਕੰਡਰੀ ਸਕੂਲ 'ਚ ਏਡਜ਼ ਦਿਵਸ ਮਨਾਇਆ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਸਰਕਾਰੀ ਸੈਕੰਡਰੀ ਸਕੂਲ ਲਹਿਰਾ ਮੁਹੱਬਤ ਵਿਖੇ ਅਸਿਸਟੈਂਟ ਡਾਇਰੈਕਟਰ ਰਘਵੀਰ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਪ੍ਰਿੰਸੀਪਲ ਨਵਨੀਤ ਕੁਮਾਰ ਦੀ ਅਗਵਾਈ ਅਤੇ ਐਨ. ਐਸ. ਐਸ. ਪ੍ਰੋਗਰਾਮ ਅਫਸਰ ਜਗਮੋਹਨ ਸਿੰਘ ਦੇ ਪ੍ਰਬੰਧ ਹੇਠ ਸਕੂਲ ਵਿੱਚ ਏਡਜ਼ ਦਿਵਸ ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਨਵਨੀਤ ਕੁਮਾਰ ਨੇ ਭਾਰਤ ਦੀਆਂ ਪ੍ਰੰਪਰਾਵਾਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਚੰਗੀਆਂ ਪ੍ਰੰਪਰਾਵਾਂ ਨਾਲ ਚੰਗਾ ਤੇ ਸਵਸਥ ਸਮਾਜ ਸਿਰਜਦਾ ਹੈ। ਲੈਕਚਰਾਰ ਪੋਲੀਟੀਕਲ ਸਾਇੰਸ ਮੀਨਾ ਕੁਮਾਰੀ ਨੇ ਵਿਦਿਆਰਥੀਆਂ ਨੂੰ ਏਡਜ਼ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਐਸ. ਐਸ. ਅਧਿਆਪਕ ਰਾਜਿੰਦਰ ਸਿੰਘ ਨੇ ਇਸ ਨਾਲ ਸਮਾਜ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ। ਕੰਪਿਊਟਰ ਫੈਕਲਟੀ ਗੁਰਪ੍ਰੀਤ ਸਿੰਘ ਅਤੇ ਵੋਕੇਸ਼ਨਲ ਅਧਿਆਪਕ ਕੁਲਦੀਪ ਕੁਮਾਰ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਨੇ ਸਕੂਲ ਕੈਂਪਸ ਦੀ ਸਫਾਈ ਕੀਤੀ। ਉਪਰੰਤ ਸਾਰੇ ਵਲੰਟੀਅਰਜ਼ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਨਕਲੀ ਪਿਸਤੌਲ ਦਿਖਾ ਲੁੱਟਾਂ-ਖੋਹਾਂ ਕਰਨ ਵਾਲਿਆਂ ਦੀ ਵੀਡੀਓ ਵਾਇਰਲ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਅਤੇ ਕੂੰਮਕਲਾਂ ਇਲਾਕੇ ਵਿਚ ਲੋਕਾਂ ਨੂੰ ਨਕਲੀ ਪਿਸਤੌਲ ਦਿਖਾ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ 4 ਵਿਅਕਤੀਆਂ ਦੀ ਵੀਡੀਓ ਵਾਇਰਲ ਹੋਈ ਹੈ ਜੋ ਅਜੇ ਪੁਲਸ ਗ੍ਰਿਫ਼ਤ ਤੋਂ ਬਾਹਰ ਹਨ। ਜਾਣਕਾਰੀ ਮੁਤਾਬਿਕ ਲੁੱਟਾਂ-ਖੋਹਾਂ ਕਰਨ ਵਾਲੇ ਇਹ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਹੁੰਦੇ ਹਨ ਅਤੇ ਉਨ੍ਹਾਂ 2 ਦਿਨ ਪਹਿਲਾਂ ਹੀ ਖੇਤਾਂ ਵਿਚ ਕੰਮ ਕਰਦੀਆਂ ਔਰਤਾਂ ਤੋਂ ਮੋਬਾਇਲ ਤੇ ਨਕਦੀ ਖੋਹ ਲਈ। ਬਾਅਦ ਵਿਚ ਕੁਝ ਲੋਕਾਂ ਨੇ ਇਨ੍ਹਾਂ ਨੂੰ ਕਾਬੂ ਕਰ ਵੀਡੀਓ ਬਣਾ ਲਈ ਪਰ ਪੁਲਸ ਨੂੰ ਨਹੀਂ ਪਕੜਾਇਆ। ਲੁੱਟਾਂ-ਖੋਹਾਂ ਕਰਨ ਵਾਲੇ ਵਿਅਕਤੀਆਂ ਦੀ ਨਕਲੀ ਪਿਸਤੌਲ ਸਮੇਤ ਵੀਡੀਓ ਕਾਫ਼ੀ ਵਾਇਰਲ ਹੋ ਰਹੀ ਹੈ ਅਤੇ ਜੇਕਰ ਇਹ ਜਲਦ ਕਾਬੂ ਨਾ ਆਏ ਤਾਂ ਹੋਰ ਵਾਰਦਾਤਾਂ ਨੂੰ ਅੰਜਾਮ ਦੇ ਸਕਦੇ ਹਨ। ਜਦੋਂ ਇਸ ਸਬੰਧੀ ਥਾਣਾ ਕੂੰਮਕਲਾਂ ਤੇ ਮਾਛੀਵਾੜਾ ਦੇ ਪੁਲਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਵਾਈਰਲ ਵੀਡੀਓ ਦੇ ਅਧਾਰ 'ਤੇ ਜਲਦ ਉਹ ਲੁੱਟਾਂ-ਖੋਹਾਂ ਕਰਨ ਵਾਲੇ ਵਿਅਕਤੀਆਂ ਦੀ ਜਾਂਚ ਕਰ ਗ੍ਰਿਫ਼ਤਾਰ ਕਰ ਲੈਣਗੇ।

ਪਟੇਲ ਕਾਲਜ 'ਚ ਵਿਸ਼ਵ ਏਡਜ਼ ਦਿਵਸ ਮਨਾਇਆ

ਰਾਜਪੁਰਾ (ਰਮੇਸ਼ ਕਟਾਰੀਆ)-ਸਥਾਨਕ ਪਟੇਲ ਮੈਮੋਰੀਅਲ ਨੈਸਨਲ ਕਾਲਜ ਰਾਜਪੁਰਾ ਦੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਦੀ ਅਗਵਾਈ ਵਿੱਚ ਐਨ.ਐਸ.ਐਸ. ਅਤੇ ਰੈਡ ਰਿੱਬਨ ਕਲੱਬ ਦੇ ਪ੍ਰੋਗਰਾਮ ਅਫਸਰ ਪ੍ਰੋ. ਅਵਤਾਰ ਸਿੰਘ, ਪ੍ਰੋ. ਗਗਨਦੀਪ ਕੌਰ, ਪ੍ਰੋ. ਪੁਰਨੀਮਾ ਸੋਨਕਰ ਦੀ ਦੇਖ ਰੇਖ ਹੇਠ ਵਿਸ਼ਵ ਏਡਜ਼ ਦਿਵਸ ਮਨਾਇਆ ਗਿਆ। ਵਲੰਟੀਅਰਜ਼ ਨੂੰ ਸੰਬੋਧਨ ਹੁੰਦਿਆਂ ਪ੍ਰੋ. ਅਵਤਾਰ ਸਿੰਘ ਨੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਪ੍ਰੋ. ਗਗਨਦੀਪ ਕੌਰ ਨੇ ਕਿਹਾ ਕਿ ਪੂਰੇ ਵਿਸ਼ਵ ਵਿੱਚ ਲਗਭਗ 4 ਕਰੋੜ ਲੋਕ ਐਚ ਆਈ ਵੀ ਤੋਂ ਪੀੜਿਤ ਹਨ, ਨੌਜਵਾਨ ਜਾਗਰੂਕ ਹੋਣਗੇ ਤਾਂ ਹੀ ਇਹ ਅੰਕੜੇ ਘਟ ਸਕਦੇ ਹਨ। ਐਨ. ਐਸ.ਐਸ. ਵਲੰਟੀਅਰ ਨੀਤੀਕਾ ਨੇ ਇਸ ਬਾਰੇ ਸੰਪੂਰਨ ਜਾਣਕਾਰੀ ਵਲੰਟੀਅਰਾਂ ਨਾਲ ਸਾਂਝੀ ਕੀਤੀ। ਪ੍ਰੋਗਰਾਮ ਤਹਿਤ ਵਲੰਟੀਅਰਾਂ ਦੇ ਐਚ ਆਈ ਵੀ ਨਾਲ ਸਬੰਧਤ ਪੋਸਟਰ ਮੁਕਾਬਲੇ ਕਰਵਾਏ ਗਏ। ਇਸ ਮੌਕੇ ਡਾ. ਗੁਰਜਿੰਦਰ ਸਿੰਘ ਅਤੇ ਲਗਭਗ 55 ਵਲੰਟੀਅਰ ਸ਼ਾਮਿਲ ਸਨ।

ਬਹਿਕ ਗੁੱਜਰਾਂ ਵੱਲੋਂ ਵਿਸਵ ਏਡਜ਼ ਡੇ 'ਤੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲੇ

ਜ਼ੀਰਾ (ਨਰਿੰਦਰ ਅਨੇਜਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਕ ਗੁੱਜਰਾਂ ਵਿਖੇ ਪ੍ਰਿੰਸੀਪਲ ਸੁਖਵਿੰਦਰ ਸਿੰਘ ਅਤੇ ਪ੍ਰੋਗਰਾਮ ਅਫਸਰ ਤਜਿੰਦਰ ਸਿੰਘ ਦੀ ਰਹਿਮਨਾਈ ਹੇਠ ਵਿਸ਼ਵ ਏਡਜ਼ ਡੇ ਮਨਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਭਾਸ਼ਣ ਮੁਕਾਬਲੇ, ਪੋਸਟਰ ਮੇਕਿੰਗ ਅਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਇਸ ਪ੍ਰੋਗਰਾਮ ਵਿੱਚ ਅਮਨਦੀਪ ਕੌਰ ਸਾਇੰਸ ਮਿਸਟਰਸ ਅਤੇ ਕਮਲਜੀਤ ਸਿੰਘ ਸਾਇੰਸ ਮਾਸਟਰ ਨੇ ਜੱਜ ਦੀ ਭੂਮਿਕਾ ਨਿਭਾਈ। ਭਾਸ਼ਣ ਮੁਕਾਬਲੇ ਵਿੱਚ ਜਸਕਰਨ ਕੌਰ ਨੇ ਪਹਿਲਾ, ਪਲਕ ਨੇ ਦੂਸਰਾ, ਕਿਰਨ ਨੇ ਤੀਸਰਾ ਸਥਾਨ, ਪੋਸਟਰ ਮੇਕਿੰਗ ਵਿੱਚ ਰਹਿਮਤ ਪ੍ਰੀਤ ਕੌਰ ਨੇ ਪਹਿਲਾ, ਖੁਸ਼ੀ ਨੇ ਦੂਸਰਾ ਸਥਾਨ, ਪੇਂਟਿੰਗ 'ਚ ਨਵਦੀਪ ਕੌਰ ਨੇ ਪਹਿਲਾ, ਲਖਵਿੰਦਰ ਕੌਰ ਨੇ ਦੂਸਰਾ ਅਤੇ ਸਾਨੀਆ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਵਿੱਚ ਪਹੁੰਚੇ ਸੁਰਜੀਤ ਸਿੰਘ ਏ ਐਸ ਆਈ ਨੇ ਵਿਦਿਆਰਥੀਆਂ ਨੂੰ ਇਸ ਭਿਅੰਕਰ ਬਿਮਾਰੀ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਅਰਚਨਾ ਅਰੋੜਾ ਨੇ ਵੀ ਵਿਦਿਆਰਥੀਆਂ ਨੂੰ ਇਸ ਪ੍ਰਤੀ ਜਾਗਰੂਕ ਕੀਤਾ ਅਤੇ ਆਏ ਮਹਿਮਾਨ ਦਾ ਧੰਨਵਾਦ ਕੀਤਾ। ਇਸ ਸਮੇਂ ਮੈਡਮ ਰਵਿੰਦਰ ਕੌਰ, ਗੁਰਪ੍ਰੀਤ ਕੌਰ ਕਰਮਜੀਤ ਕੌਰ, ਕੋਮਲ ਮਿੱਤਲ, ਸੁਨੀਤਾ, ਨਵਨੀਤ ਅਤੇ ਗੁਲਸ਼ਨ ਆਦਿ ਹਾਜ਼ਰ ਸਨ।

ਮਾਤਾ ਕਰਨੈਲ ਕੌਰ ਨਮਿਤ ਭੋਗ 10 ਨੂੰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਕਸਬੇ ਤੋਂ ਅਜੀਤ ਅਖਬਾਰ ਦੇ ਪੱਤਰਕਾਰ ਸ਼ੇਰ ਸਿੰਘ ਖੰਨਾ ਅਤੇ ਡਾ. ਤੇਜਿੰਦਰ ਸਿੰਘ ਦੀ ਮਾਤਾ ਅਤੇ ਬਾਬਾ ਗੁਰਮੇਲ ਸਿੰਘ ਪਿੰਡ ਸਲੌਦੀ ਦੀ ਧਰਮਪਤਨੀ ਕਰਨੈਲ ਕੌਰ ਅਕਾਲ ਚਲਾਣਾ ਕਰ ਗਏ ਸਨ। ਇਸ ਅਚਾਨਕ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਹਲਕਾ ਇੰਚਾਰਜ ਰਾਜਿੰਦਰ ਦੀਪਾ, ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਗੁਰਤੇਗ ਸਿੰਘ ਲੌਂਗੋਵਾਲ, ਪ੍ਰਧਾਨ ਨਗਰ ਕੌਂਸਲ ਪਰਮਿੰਦਰ ਕੌਰ ਬਰਾੜ, ਸੀਨੀਅਰ ਅਕਾਲੀ ਆਗੂ ਗੁਰਮੀਤ ਸਿੰਘ ਲੱਲੀ, ਮੀਤ ਪ੍ਰਧਾਨ ਰਣਜੀਤ ਸਿੰਘ, ਮਾ. ਨਰਿੰਦਰ ਸ਼ਰਮਾ, ਮੇਲਾ ਸਿੰਘ ਸੂਬੇਦਾਰ, ਮੈਡਮ ਗੀਤੂ ਗੋਇਲ, ਕਾ. ਬੀਬੀ ਸ਼ਮਿੰਦਰ ਕੌਰ ਗਿੱਲ, ਰੁਪਿੰਦਰ ਸਿੰਘ ਨੰਬਰਦਾਰ, ਕਾ. ਸੱਤਪਾਲ ਲੌਂਗੋਵਾਲ, ਕਾਲਾ ਮਿੱਤਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿੱਲ, ਬਲਵਿੰਦਰ ਸਿੰਘ ਢਿੱਲੋਂ, ਭਾਜਪਾ ਦੇ ਰਤਨ ਕੁਮਾਰ ਮੰਗੂ, ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸੂਬਾ ਸਕੱਤਰ ਬਿੰਦਰਪਾਲ ਸ਼ਰਮਾ, ਡਾ. ਰੂਪ ਸਿੰਘ ਸ਼ੇਰੋਂ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਚੇਅਰਮੈਨ ਮਹਿੰਦਰ ਸਿੰਘ ਦੁੱਲਟ, ਡਾ. ਗੁਰਪ੍ਰੀਤ ਸਿੰਘ ਵਾਲੀਆ, ਡਾ. ਮਨੀਸ਼ ਵਸ਼ਿਸ਼ਟ, ਬਲਾਕ ਪ੍ਰਧਾਨ ਵਿੱਕੀ ਵਸ਼ਿਸ਼ਟ, ਨੀਟੂ ਸ਼ਰਮਾ ਤੋਂ ਇਲਾਵਾ ਵੱਖ-ਵੱਖ ਪਾਰਟੀਆਂ ਅਤੇ ਲੌਂਗੋਵਾਲ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮਾਤਾ ਕਰਨੈਲ ਕੌਰ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ 10 ਦਸੰਬਰ ਨੂੰ ਪਿੰਡ ਸਲੌਦੀ ਦੇ ਖੰਨਾ-ਸਮਰਾਲਾ ਰੋਡ 'ਤੇ ਸਥਿਤ ਗੁਰੂਦੁਆਰਾ ਸ਼ਹੀਦ ਬਾਬਾ ਗਾਊਵਾਲਾ ਵਿਖੇ ਪਵੇਗਾ।

ਆੜ੍ਹਤੀਆਂ ਨੇ ਚੇਅਰਮੈਨ ਢਿੱਲੋਂ ਨੂੰ ਮੁਸ਼ਕਲਾਂ ਤੋਂ ਜਾਣੂ ਕਰਵਾਇਆ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅੱਜ ਸਰਹਿੰਦ ਅਨਾਜ ਮੰਡੀ ਦੇ ਆੜ੍ਹਤੀਆਂ ਵੱਲੋਂ ਚੇਅਰਮੈਨ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਗੁਰਵਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕਰਕੇ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਸਰਹਿੰਦ ਮੰਡੀ ਵਿੱਚ ਪਨਸਪ ਵੱਲੋਂ ਖਰੀਦੀਆਂ ਫਸਲਾਂ ਦਾ ਬਕਾਇਆ ਜੋ ਲੱਗਭੱਗ 3400 ਕਵਿੰਟਲ ਦੇ ਕਰੀਬ ਹੈ ਮੰਡੀ ਵਿੱਚ ਲਿਫਟਿੰਗ ਨਾ ਹੋਣ ਕਾਰਨ ਪਿਆ ਹੈ ਜਿਸ ਬਾਰੇ ਤੁਰੰਤ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕੀਤਾ ਗਿਆ। ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਵੱਲੋਂ ਇਹ ਝੋਨਾ ਜਲਦੀ ਚੁਕਾਉਣ ਦਾ ਭਰੋਸਾ ਦਿੱਤਾ ਗਿਆ। ਐਮ ਐਲ ਏ ਲਖਵੀਰ ਸਿੰਘ ਰਾਏ ਦੇ ਵੀ ਧਿਆਨ ਵਿੱਚ ਲਿਆਂਦਾ ਗਿਆ ਜਿਨ੍ਹਾਂ ਨੇ ਵੀ ਲਿਫਟਿੰਗ ਤੁਰੰਤ ਕਰਵਾਉਣ ਦਾ ਯਕੀਨ ਦੁਆਇਆ। ਇਸ ਮੌਕੇ ਆੜ੍ਹਤੀਆਂ ਤੋਂ ਇਲਾਵਾ ਪਾਰਟੀ ਆਗੂਆਂ ਨਿਰਮਲ ਸਿੰਘ ਸੀੜਾ, ਪਾਵੇਲ ਹਾਂਡਾ ਨੇ ਵੀ ਆੜ੍ਹਤੀਆਂ ਦੀਆਂ ਮੁਸ਼ਕਲਾਂ ਜਲਦੀ ਹੱਲ ਕਰਨ ਦੀ ਅਪੀਲ ਕੀਤੀ। ਆੜ੍ਹਤੀਆਂ ਵੱਲੋਂ ਹਰਤੇਜ ਸਿੰਘ, ਭਾਗ ਸਿੰਘ, ਭੁਪਿੰਦਰ ਸਿੰਘ ਨੰਬਰਦਾਰ, ਸੁਰਮੁਖ ਸਿੰਘ, ਜਗਰੂਪ ਸਿੰਘ ਕੰਗ ਆਦਿ ਨੇ ਮੀਟਿੰਗ ਬਾਅਦ ਸੰਤੁਸ਼ਟੀ ਪ੍ਰਗਟ ਕੀਤੀ।

ਪੁਲਸ ਨੇ ਤਨਮੇ ਦੇ ਕਾਤਲਾਂ ਨੂੰ ਪ੍ਰੋਡਕਸ਼ਨ ਵਰੰਟ 'ਤੇ ਹੁਸ਼ਿਆਰਪੁਰ ਲਿਆਂਦਾ

ਮੇਹਟੀਆਣਾ/ਹੁਸ਼ਿਆਰਪੁਰ (ਜਗਤਾਰ ਸਿੰਘ ਭੁੰਗਰਨੀ/ਬਲਬੀਰ ਸੈਣੀ)

ਸੁਰੇਂਦਰ ਲਾਂਬਾ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਨੇ ਸੰਗੀਨ ਜੁਰਮਾਂ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਵਿੱਢੀ ਮੁਹਿਮ ਤਹਿਤ ਸਰਬਜੀਤ ਸਿੰਘ ਬਾਹੀਆ, ਪੁਲਸ ਕਪਤਾਨ ਤਫਤੀਸ਼ ਹੁਸਿ: ਦੀ ਅਗਵਾਈ ਵਿੱਚ ਦੀ ਐਸ ਪੀ ਸਿਟੀ ਪਲਵਿੰਦਰ ਸਿੰਘ ਪੀ ਪੀ ਐਸ, ਅਤੇ ਇੰਸਪੈਕਟਰ ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਤੇ ਅਧਾਰਤ ਇਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਸੀ। 07 ਅਗਸਤ ਦੀ ਦਰਮਿਆਨੀ ਰਾਤ ਨੂੰ ਹੋਏ ਬਹੁ-ਚਰਚਿਤ ਕਤਲ ਕਾਂਡ ਫਗਵਾੜਾ ਰੋਡ ਰਿਲਾਇੰਸ ਪੈਟਰੋਲ ਪੰਪ ਪਿੰਡ ਪੁੰਗਾ ਵਿਖੇ 12-13 ਨੌਜਵਾਨਾਂ ਨੇ ਹਮ ਸਲਾਹ ਹੋ ਕੇ ਤੇਜਧਾਰ ਹਥਿਆਰਾਂ ਨਾਲ ਸੱਟਾ ਮਾਰਕੇ ਤਨਮੇ ਪੁੱਤਰ ਅਵਤਾਰ ਸਿੰਘ ਵਾਸੀ ਮੁਹੱਲਾ ਰਾਮਗੜ ਥਾਣਾ ਸਿਟੀ ਹੁਸ਼ਿਆਰਪੁਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਜਿਸ 'ਤੇ ਮ੍ਰਿਤਕ ਤਨਮੇ ਸਿੰਘ ਦੇ ਪਿਤਾ ਅਵਤਾਰ ਸਿੰਘ ਪੁੱਤਰ ਦੇਸ ਰਾਜ ਵਾਸੀ ਮੁਹੱਲਾ ਰਾਮਗੜ ਮਕਾਨ ਨੰਬਰ 18/204 ਥਾਣਾ ਸਿਟੀ ਹੁਸ਼ਿਆਰਪੁਰ ਦੇ ਬਿਆਨ 'ਤੇ 302, 148, 149 ਆਈ ਪੀ ਸੀ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਦਰਜ ਕੀਤਾ ਗਿਆ ਸੀ। ਇਸ ਕੇਸ ਵਿੱਚ 08 ਦੋਸ਼ੀ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੇ ਦੋਸ਼ੀ ਆਪਣੀ ਗ੍ਰਿਫਤਾਰੀ ਤੋਂ ਬੱਚਦੇ ਹੋਏ ਅਲੱਗ ਅਲੱਗ ਥਾਵਾ ਤੇ ਲੁੱਕ ਛਿਪ ਕੇ ਰਹਿ ਰਹੇ ਸਨ। ਇਸ ਮੁਕੱਦਮੇ ਦਾ ਦੋਸ਼ੀ ਅੰਮ੍ਰਿਤ ਸਿੰਘ ਉਰਫ ਘੜਿਲ ਪੁੱਤਰ ਗੁਰਮੀਤ ਸਿੰਘ ਵਾਸੀ ਮਕਾਨ ਨੰਬਰ 279 ਗਲੀ ਨੰਬਰ 10 ਮੁਹੱਲਾ ਕਮਾਲਪੁਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਅਤੇ ਦੋਸ਼

3-Dec-PAGE-3.qxd 12/2/2023 10:56 PM Page 1

ਸਾਂਝੇ ਕਿਸਾਨ ਮੋਰਚੇ ਦੇ ਵਫਦ ਨੇ ਐੱਸ ਐੱਸ ਪੀ ਨੂੰ ਸੌਂਪਿਆ ਮੰਗ ਪੱਤਰ

ਤਰਨ ਤਾਰਨ (ਨ ਜ਼ ਸ)

ਸੰਯੁਕਤ ਕਿਸਾਨ ਮੋਰਚੇ 'ਚ ਸਾਮਿਲ ਜਥੇਬੰਦੀਆਂ ਅਤੇ ਜਮਹੂਰੀ ਜਥੇਬੰਦਿਆਂ ਦੀ ਇਕ ਮੀਟਿੰਗ ਗਾਂਧੀ ਪਾਰਕ ਵਿਚ ਹੋਈ। ਮੀਟਿੰਗ ਉਪਰੰਤ ਐੱਸਐੱਸਪੀ ਨੂੰ ਇਕ ਮੈਮੋਰੰਡਮ ਦਿੱਤਾ ਗਿਆ ਜੋ ਐੱਸਐੱਸਪੀ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਦੇ ਰੀਡਰ ਨੂੰ ਸੌਂਪਿਆ ਗਿਆ ਜਿਸ 'ਚ ਮੰਗ ਕੀਤੀ ਗਈ ਕਿ ਕੇਸ ਦਰਜ ਹੋਣ ਦੇ ਬਾਵਜੂਦ 80 ਦਿਨਾਂ ਤੋਂ ਸਲਵਿੰਦਰ ਸਿੰਘ ਉਤੇ ਗੋਲੀਆਂ ਚਲਾ ਕੇ ਕਾਤਲਾਨਾ ਹਮਲਾ ਕਰਨ ਵਾਲਿਆਂ ਦੀ ਅੱਜ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ, ਸਗੋਂ ਉਹਦੇ ਭਰਾ 'ਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਜਥੇਬੰਦਕ ਸਕੱਤਰ ਨੂੰ 3 ਨਵੰਬਰ ਨੂੰ ਘੇਰ ਕੇ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਗਈ ਜਿਸ ਦੀ ਲਿਖਤੀ ਦਰਖਾਸਤ ਦੇਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। ਯਾਦ ਰਹੇ ਬੀਤੇ 13 ਸਤੰਬਰ ਨੂੰ ਸਲਵਿੰਦਰ ਸਿੰਘ ਨੂੰ ਕਤਲ ਕਰਨ ਹਿੱਤ ਹਮਲਾ ਇਸ ਕਰਕੇ ਕੀਤਾ ਗਿਆ ਸੀ ਕਿ ਉਸ ਨੇ ਪਿੰਡ ਦੇ ਸਰਪੰਚ ਵੱਲੋਂ ਕੀਤੇ ਘਪਲਿਆਂ ਦੀ ਜਾਂਚ ਕਰਵਾਈ ਸੀ ਤੇ ਜਿਸ ਦੇ ਆਧਾਰ ਤੇ ਡਾਇਰੈਕਟਰ ਪੰਚਾਇਤ ਨੇ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਸਨ।ਜਥੇਬੰਦੀਆਂ ਦੇ ਆਗੂਆਂ ਨੇ ਮੰਗ ਪੱਤਰ ਵਿੱਚ ਚੇਤਾਵਨੀ ਦਿੱਤੀ ਕਿ ਜੇ 7 ਦਿਨਾਂ ਦੇ ਅੰਦਰ-ਅੰਦਰ ਦੋਸੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਸਮੂਹ ਜਥੇਬੰਦੀਆਂ ਐੱਸਐੱਸਪੀ ਦਫਤਰ ਮੂਹਰੇ ਧਰਨਾ ਲਾਉਣਗੀਆਂ ਜਿਸ ਦੀ ਤਿਆਰੀ ਸਬੰਧੀ 9 ਦਸੰਬਰ ਦੀ ਮੀਟਿੰਗ ਰੱਖੀ ਗਈ ਹੈ। ਵਫਦ ਨੇ ਚਿੰਤਾ ਜਤਾਈ ਕਿ ਐੱਸਐੱਸਪੀ ਦੇ ਦਫਤਰ ਵਿਚ ਜ਼ਿਲ੍ਹਾ ਮੁੱਖੀ ਤੋਂ ਲੈ ਕੇ ਕੋਈ ਵੀ ਜ਼ੁੰਮੇਵਾਰ ਅਧਿਕਾਰੀ ਹਾਜ਼ਰ ਨਹੀਂ ਹੈ। ਵਫਦ ਨੇ ਸਮੁੱਚੇ ਜ਼ਿਲ੍ਹੇ ਅਤੇ ਵਿਸ਼ੇਸ਼ ਕਰਕੇ ਤਰਨਤਾਰਨ ਸ਼ਹਿਰ ਵਿਚ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਤੇ ਅਪਰਾਧਿਕ ਵਾਰਦਾਤਾਂ ਪ੍ਰਤੀ ਜ਼ਿਲਾ ਪ੍ਰਸ਼ਾਸਨ ਜਿਵੇਂ ਖਾਮੋਸ਼ ਤੇ ਮੂਕਦਰਸ਼ਕ ਬਣਕੇ ਬੈਠਾ ਹੈ, ਇਹ ਚਿੰਤਾ ਦਾ ਵਿਸ਼ਾ ਹੈ। ਇਸ ਵਫਦ ਵਿਚ ਜਮਹੂਰੀ ਕਿਸਾਨ ਸਭਾ ਪੰਜਾਬ ਵਲੋਂ ਮਾਸਟਰ ਦਲਜੀਤ ਸਿੰਘ, ਕੇਵਲ ਸਿੰਘ, ਮਨਜੀਤ ਸਿੰਘ ਬੱਬੂ, ਕਿਰਤੀ ਕਿਸਾਨ ਯੂਨੀਅਨ ਪੰਜਾਬ ਵਲੋਂ ਮਾਸਟਰ ਨੱਛਤਰ ਸਿੰਘ, ਹਰਵਿੰਦਰ ਸਿੰਘ ਵਲੀਪੁਰ, ਕੁਲ ਹਿੰਦ ਕਿਸਾਨ ਸਭਾ ਵੱਲੋਂ ਦਵਿੰਦਰ ਸੋਹਲ, ਗੁਰਪ੍ਰੀਤ ਸਿੰਘ ਗੰਢੀਵਿੰਡ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਮਾਸਟਰ ਨਰਪਾਲ ਸਿੰਘ, ਪੰਜਾਬ ਕਿਸਾਨ ਯੂਨੀਅਨ ਵੱਲੋਂ ਬਲਦੇਵ ਸਿੰਘ ਝਾਮਕਾ, ਕੌਮੀ ਕਿਸਾਨ ਯੂਨੀਅਨ ਵਲੋਂ ਗੁਰਚਰਨ ਸਿੰਘ ਸਭਰਾ, ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਨਰਭਿੰਦਰ ਸਿੰਘ ਬਲਬੀਰ ਪਰਵਾਨਾ ਤੋਂ ਇਲਾਵਾ ਪਿੰਡ ਪੱਧਰੀ ਕਲਾਂ ਤੋਂ ਭਗਵੰਤ ਸਿੰਘ, ਜੱਗਾ ਸਿੰਘ ਵੀਰਪਾਲ ਸਿੰਘ ਆਦਿ ਸ਼ਾਮਿਲ ਸਨ।

ਗੁਰਦਾਸਪੁਰ ਲਈ ਅੱਜ ਦਾ ਦਿਨ ਵਿਕਾਸ ਪੱਖੋਂ ਇਤਿਹਾਸ ਦੇ ਸੁਨਹਿਰੇ ਪੰਨਿਆਂ 'ਚ ਦਰਜ : ਸ਼ੈਰੀ ਕਲਸੀ

ਬਟਾਲਾ, (ਤਰਲੋਕ ਬੱਗਾ)—ਗੁਰਦਾਸਪੁਰ ਦੀ ਧਰਤੀ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਵਿਕਾਸ ਕਰਾਂਤੀ ਰੈਲੀ ਵਿੱਚ 1854 ਕਰੋੜ ਰੁਪਏ ਦੀ ਲਾਗਤ ਨਾਲ ਗੁਰਦਾਸਪੁਰ ਲਈ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ। ਇਹ ਪ੍ਰਗਟਾਵਾ ਕਰਦਿਆਂ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਦੇ ਸਰਹੱਦੀ ਇਲਾਕੇ ਗੁਰਦਾਸਪੁਰ ਲਈ ਅੱਜ ਦਾ ਦਿਨ ਵਿਕਾਸ ਪੱਖੋਂ ਇਤਿਹਾਸ ਦੇ ਸੁਨਹਿਰੇ ਪੰਨਿਆਂ ਵਿੱਚ ਦਰਜ ਹੋ ਗਿਆ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਗੁਰਦਾਸਪੁਰ ਨੂੰ ਵਿਕਾਸ ਕ੍ਰਾਂਤੀ ਵੱਲ ਅੱਗੇ ਵਧਾਇਆ ਤੇ 1854 ਕਰੋੜ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਆਉਣ ਵਾਲੇ ਦਿਨਾਂ 'ਚ ਇਹ ਵਿਕਾਸ ਕ੍ਰਾਂਤੀ ਪੂਰੇ ਪੰਜਾਬ 'ਚ ਵਿਖਾਈ ਦੇਵੇਗੀ। ਉਨ੍ਹਾਂ ਅੱਗੇ ਕਿਹਾ ਕਿ ਅੱਜ ਗੁਰਦਾਸਪੁਰ ਵਿਖੇ ਵਿਕਾਸ ਰੈਲੀ ਵਿੱਚ ਵਿਧਾਨ ਸਭਾ ਹਲਕਾ ਬਟਾਲਾ ਤੋਂ ਵੱਡੀ ਗਿਣਤੀ ਵਿੱਚ ਬੱਸਾਂ ਅਤੇ ਕਾਰਾਂ ਦਾ ਕਾਫਲਾ ਪਹੁੰਚਿਆ ਸੀ ਅਤੇ ਆਪਣੇ ਮਹਿਬੂਬ ਨੇਤਾਵਾਂ ਦੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਵਿਚਾਰ ਸੁਣੇ। ਬਟਾਲਾ ਤੋਂ ਕਾਫਲਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ

ਕਲਸੀ ਦੀ ਅਗਵਾਈ ਹੇਠ ਗੁਰਦਾਸਪੁਰ ਲਈ ਰਵਾਨਾ ਹੋਇਆ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਸਿੱਖਿਆ, ਸਿਹਤ, ਸਨਅਤੀ, ਖੇਤੀ ਅਤੇ ਵੱਖ ਵੱਖ ਖੇਤਰਾਂ ਵਿੱਚ ਇਤਿਹਾਸਕ ਫੈਸਲੇ ਲਏ ਗਏ ਹਨ। ਉਨ੍ਹਾਂ ਬਟਾਲਾ ਵਿਧਾਨ ਸਭਾ ਹਲਕੇ ਤੋਂ ਪਹੁੰਚੇ ਵਲੰਟੀਅਰਾਂ, ਵਰਕਰਾਂ ਤੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਹਲਕੇ ਦੇ ਚਹੁਪੱਖੀ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਤੇ ਹਲਕੇ ਨੂੰ ਸੂਬੇ ਦਾ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ।

ਧਾਰਮਿਕ ਮੁਕਾਬਲਿਆਂ 'ਚ ਸ਼ਹੀਦ ਬਾਬਾ ਦੀਪ ਸਿੰਘ ਸਕੂਲ ਦੇ ਵਿਦਿਆਰਥੀ ਅੱਵਲ ਰਹੇ

ਪੱਟੀ (ਬਲਦੇਵ ਸਿੰਘ ਸੰਧੂ)-ਬੀਤੇ ਦਿਨੀਂ ਸਤਿਨਾਮ ਸਰਬ ਕਲਿਆਣ ਟਰੱਸਟ (ਰਜਿ) ਚੰਡੀਗੜ੍ਹ ਨੇ ਗੁਰਦੁਆਰਾ ਸੰਗਰਾਣਾ ਸਾਹਿਬ (ਅੰਮ੍ਰਿਤਸਰ) ਵਿਖੇ ਧਾਰਮਿਕ ਮੁਕਾਬਲਿਆਂ 'ਚ ਸ਼ਹੀਦ ਬਾਬਾ ਦੀਪ ਸਿੰਘ ਸੀਨੀਅਰ ਸੈਕੰਡਰੀ ਸਕੂਲ ਪੱਟੀ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵੱਖ-ਵੱਖ ਸਾਹਿਤਕ ਮੁਕਾਬਲੇ ਕਰਵਾਏ ਗਏ। ਸ਼ਹੀਦ ਬਾਬਾ ਦੀਪ ਸਿੰਘ ਸੀਨੀ: ਸੈਕੀ: ਸਕੂਲ ਪੱਟੀ ਦੇ ਬੱਚਿਆਂ ਵੱਲੋਂ ਦਸਵੀਂ ਜਮਾਤ ਦੀ ਵਿਦਿਆਰਥਣ ਰਿਤਿਕਾ ਸ਼ਰਮਾ ਨੇ ਕਵਿਤਾ ਮੁਕਾਬਲਾ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ। ਦੁਮਾਲੇ ਸਜਾਉਣ ਮੁਕਾਬਲੇ ਵਿੱਚ ਬਾਰਵੀਂ ਜਮਾਤ ਦੀ ਵਿਦਿਆਰਥਣ ਰਵਨੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਵਾਰਤਾਲਾਪ ਦੇ ਮੁਕਾਬਲੇ ਵਿੱਚ 12ਵੀਂ ਜਮਾਤ ਦੇ ਗੁਰਸਿਮਰਨ ਕੌਰ, ਸੁਮਨਪ੍ਰੀਤ ਕੌਰ, ਗਗਨਦੀਪ ਕੌਰ, ਰਣਦੀਪ ਕੌਰ ਅਤੇ ਦਸਵੀਂ ਜਮਾਤ ਦੀ ਸੁਮਨਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਮੈਡਮ ਪਰਦੀਪ ਕੌਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦੇਦੇ ਹੋਏ ਦੱਸਿਆ ਕਿ ਇਸ ਸਾਰਾ ਕਾਰਜ ਧਾਰਮਿਕ ਅਧਿਆਪਕ ਬਲਜਿੰਦਰ ਕੌਰ ਦੇ ਯਤਨਾਂ ਸਦਕਾ ਹੀ ਸੰਭਵ ਹੋਇਆ ਹੈ। ਪ੍ਰਿੰ. ਪ੍ਰਦੀਪ ਕੌਰ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵਾਇਸ ਪ੍ਰਿੰ. ਮੈਡਮ ਸੰਦੀਪ ਕੌਰ ਤੇ ਕੋਆਡੀਨੇਟਰ ਮੈਡਮ ਗੁਰਮੀਤ ਕੌਰ ਲੁਹਾਰੀਆ ਹਾਜ਼ਰ ਸਨ।

ਐੱਸ ਡੀ ਓ ਰਾਜੀਵ ਕੁਮਾਰ ਨੂੰ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ

ਮਜੀਠਾ (ਸੋਇਮ ਆਨੰਦ)-ਪੰਜਾਬ ਰਾਜ ਪਾਵਰਕੌਮ ਸਮੂਹ ਸਟਾਫ ਵੱਲੋਂ ਸਬ ਡਵੀਜ਼ਨ ਮਜੀਠਾ-2 ਦੇ ਐੱਸਡੀਓ ਰਾਜੀਵ ਕੁਮਾਰ ਦੀ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ ਪਾਰਟੀ ਦੇਣ ਲਈ ਮਜੀਠਾ ਪੈਲੇਸ 'ਚ ਇੱਕ ਸਮਾਗਮ ਕਰਵਾਇਆ ਗਿਆ। ਵੱਖ-ਵੱਖ ਬੁਲਾਰਿਆਂ ਨੇ ਇੰਜੀ: ਰਾਜੀਵ ਕੁਮਾਰ ਦੇ ਸਨਮਾਨ ਸਮਾਰੋਹ ਵਿੱਚ ਬੋਲਦਿਆਂ ਰਾਜੀਵ ਕੁਮਾਰ ਵੱਲੋਂ ਮਹਿਕਮੇ ਅੰਦਰ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸਨਮਾਨ ਸਮਾਰੋਹ ਵਿੱਚ ਪਹੁੰਚੇ ਸਮੂਹ ਬਿਜਲੀ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸੇਵਾਮੁਕਤ ਐੱਸਡੀਓ ਨੂੰ ਯਾਦਗਾਰੀ ਚਿੰਨ੍ਹ ਅਤੇ ਤੋਹਫੇ ਦੇ ਕੇ ਸਨਮਾਨ ਸਹਿਤ ਵਿਦਾ ਕੀਤਾ ਗਿਆ। ਸਟੇਜ ਤੋਂ ਐੱਸਡੀਓ ਮਜੀਠਾ -1 ਸੁਖਜਿੰਦਰ ਸਿੰਘ, ਲੇਖ ਰਾਜ ਠਾਕੁਰ, ਐੱਸਡੀਓ ਜਤਿੰਦਰ ਕੁਮਾਰ, ਕ੍ਰਿਸ਼ਨ ਸਿੰਘ ਜੇਠੂਵਾਲ, ਨਵਜੀਤ ਸਿੰਘ ਜੇਈ., ਰਣਜੀਤ ਸਿੰਘ, ਸੁਖਦੇਵ ਸਿੰਘ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ ਸੋਹੀਆਂ, ਕੁੰਦਨ ਲਾਲ ਹਰੀਆਂ, ਗੁਲਸ਼ਨ ਮਸੀਹ, ਬਿਕਰਮਜੀਤ ਸਿੰਘ, ਬਲਜਿੰਦਰ ਸਿੰਘ ਨੇ ਸੰਬੋਧਨ ਕੀਤਾ। ਅਖੀਰ ਵਿੱਚ ਕਮੇਟੀ ਦੇ ਪ੍ਰਧਾਨ ਸੁਖਪਾਲ ਸਿੰਘ ਮਜੀਠਾ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਰਘਬੀਰ ਸਿੰਘ ਮਜੀਠਾ ਨੇ ਨਿਭਾਈ। ਇਸ ਮੌਕੇ ਉਕਤ ਤੋਂ ਇਲਾਵਾ ਗੁਰਮੀਤ ਸਿੰਘ, ਸੰਦੀਪ ਸਿੰਘ, ਕਵਲਜੀਤ ਸਿੰਘ ਆਰ ਏ, ਕੁੰਨਣ ਸਿੰਘ, ਬਲਵਿੰਦਰਪਾਲ ਸਿੰਘ ਗੋਸਲ, ਬਲਦੇਵ ਸਿੰਘ ਜੇਠੂਨੰਗਲ, ਜਸ਼ਨਜੋਤ ਸਿੰਘ ਨਾਗ, ਸੰਦੀਪ ਸਿੰਘ ਨਾਗ, ਸੁਖਦੇਵ ਸਿੰਘ ਸ਼ਾਮਨਗਰ, ਤਰਸੇਮ ਸਿੰਘ, ਅਵਤਾਰ ਸਿੰਘ, ਵਿਨੋਦ ਕੁਮਾਰ, ਲਖਵਿੰਦਰ ਸਿੰਘ ਮੱਝੂਪੁਰਾ, ਦਿਲਬਾਗ ਸਿੰਘ ਜੇਈ, ਬਲਜੀਤ ਸਿੰਘ ਸਮੇਤ ਹੋਰ ਵੀ ਬਹੁਤ ਸਾਰੇ ਬਿਜਲੀ ਕਰਮਚਾਰੀ ਸ਼ਾਮਲ ਸਨ।

157 ਗ੍ਰਾਮ ਹੈਰੋਇਨ, 2 ਪਿਸਤੌਲ ਅਤੇ 6 ਜ਼ਿੰਦਾ ਰੌਂਦ ਬਰਾਮਦ, ਦੋਸ਼ੀ ਗ੍ਰਿਫ਼ਤਾਰ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਅਸ਼ਵਨੀ ਕਪੂਰ ਆਈਪੀਐੱਸ ਐੱਸਐੱਸਪੀ ਤਰਨ ਤਾਰਨ ਵੱਲੋਂ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਲਈ ਲਗਾਤਾਰ ਠੋਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਸਬੰਧੀ ਮਨਿੰਦਰ ਸਿੰਘ ਆਈਪੀਐੱਸ ਐੱਸਪੀ ਹੈੱਡ ਕੁਆਰਟਰ ਐੱਸਪੀ (ਡੀ) ਤਰਨ ਤਰਨ, ਅਰੁਣ ਸ਼ਰਮਾ ਡੀਐੱਸਪੀ (ਡੀ) ਤਰਨ ਤਾਰਨ ਵੱਲੋਂ ਨਸ਼ਾ ਤਸਕਰਾਂ ਵੱਲੋਂ ਵਿੱਢੀ ਮੁਹਿੰਮ ਨੂੰ ਨਸ਼ਟ ਕਰਨ ਲਈ ਵੱਖ-ਵੱਖ ਟੀਮਾਂ ਤਿਆਰ ਕੀਤੀਆਂ ਗਈਆਂ ਹਨ ਜਿਸ 'ਤੇ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀਆਈਏ ਤਰਨ ਤਾਰਨ ਵੱਲੋਂ ਵੱਖ-ਵੱਖ ਟੀਮਾਂ ਤਿਆਰ ਕਰਕੇ ਇਲਾਕੇ ਵਿੱਚ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਸਰਚ ਅਪਰੇਸ਼ਨ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਸੀਆਈਏ ਤਰਨ ਤਾਰਨ ਵੱਲੋਂ ਐੱਸਆਈ ਬਲਵਿੰਦਰ ਸਿੰਘ ਸੀਆਈਏ ਤਰਨ ਤਾਰਨ ਸਮੇਤ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਹੈਪੀ ਸਿੰਘ ਉਰਫ ਘੁੱਲਾ ਪੁੱਤਰ ਲਾਲ ਮਸੀਹ ਉਰਫ ਲਾਲੀ ਪੁੱਤਰ ਸ਼ਰੀਫ ਦਿਲਦਾਰ ਵਾਸੀ ਅਲਗੋਂ ਕਲਾਂ, (ਖੁਰਦ), ਥਾਣਾ ਵਲਟੋਹਾ ਨੂੰ ਕਾਬੂ ਕਰਕੇ ਉਸ ਪਾਸੋਂ 157 ਗ੍ਰਾਮ ਹੈਰੋਇਨ ਬ੍ਰਾਮਦ ਕਰਕੇ ਮੁਕੱਦਮਾ ਨੰਬਰ ਮੁਕੱਦਮਾ ਨੰਬਰ 122 ਜੁਰਮ 21 (ਬੀ) ਐੱਨਡੀਪੀਐੱਸ ਐਕਟ ਥਾਣਾ ਵਲਟੋਹਾ ਦਰਜ ਰਜਿਸਟਰ ਕਰਵਾਇਆ ਸੀ। ਦੌਰਾਨੇ ਤਫਤੀਸ਼ ਹੈਪੀ ਸਿੰਘ ਤੋਂ ਐੱਸਆਈ ਬਲਵਿੰਦਰ ਸਿੰਘ ਨੇ 02 ਪਿਸਟਲ 32 ਬੋਰ ਸਮੇਤ 06 ਰੌਂਦ ਜ਼ਿੰਦਾ ਬ੍ਰਾਮਦ ਕੀਤੇ ਹਨ ਜਿਸ ਨੂੰ ਪੇਸ਼ ਅਦਾਲਤ ਕਰਕੇ 04 ਦਿਨ ਤੱਕ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ। ਦੌਰਾਨੇ ਰਿਮਾਂਡ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਦੇਸ਼ ਭਰ ਨਾਲੋਂ ਗੰਨੇ ਦਾ ਭਾਅ ਪੰਜਾਬ 'ਚ ਸਭ ਤੋਂ ਵੱਧ : ਧਾਲੀਵਾਲ

ਸਹਿਕਾਰੀ ਮਿੱਲਾਂ ਦੇ ਮੁਲਾਜ਼ਮਾਂ ਲਈ ਛੇਵਾਂ ਪੇ-ਕਮਿਸ਼ਨ ਲਾਗੂ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਦੇਸ਼ ਭਰ ਨਾਲੋਂ ਗੰਨੇ ਦਾ ਭਾਅ ਪੰਜਾਬ ਸੂਬੇ ਵਿੱਚ ਸਭ ਤੋਂ ਵੱਧ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਭਲ੍ਹਾ ਪਿੰਡ ਦੀ ਸ਼ੂਗਰ ਮਿੱਲ ਵਿਖੇ ਪਿੜਾਈ ਸੀਜ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸਮੇਂ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਸਹਿਕਾਰੀ ਮਿੱਲਾਂ ਦੇ ਮੁਲਾਜ਼ਮਾਂ ਲਈ ਛੇਵਾਂ ਪੇ ਕਮਿਸ਼ਨ ਵੀ ਲਾਗੂ ਕਰ ਦਿੱਤਾ ਹੈ ਜਿਸ ਨਾਲ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਭਾਰੀ ਵਾਧਾ ਹੋਵੇਗਾ। ਉਨਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਕਿਸਾਨਾਂ ਨੂੰ ਕਦੇ ਵੀ ਸਮੇਂ ਸਿਰ ਅਦਾਇਗੀ ਨਹੀਂ ਦਿੱਤੀ ਪਰ ਅਸੀਂ ਡੇਢ ਸਾਲ ਦੇ ਕਾਰਜਕਾਲ ਦੌਰਾਨ ਹੀ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕੀਤੀ ਹੈ ਬਲਕਿ ਉਨਵਾਂ ਨੂੰ ਫਸਲਾਂ ਦੀ ਖ਼ੀਦ ਵਿੱਚ ਕੋਈ ਸਮੱਸਿਆ ਵੀ ਨਹੀਂ ਆਉਣ ਦਿੱਤੀ। ਸ: ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਨੇ ਗੰਨੇ ਦਾ ਭਾਅ ਵੀ ਵਧਾ ਦਿੱਤਾ ਹੈ ਅਤੇ ਮਿੱਲਾਂ ਚਲਣ ਦੀ ਮਿਤੀ ਵੀ ਘੋਸ਼ਿਤ ਕਰ ਦਿੱਤੀ ਹੈ। ਉਨਾਂ ਕਿਹਾ ਕਿ ਭਲ੍ਹਾ ਸ਼ੂਗਰ ਮਿੱਲ ਵਿਖੇ 1 ਕਰੋੜ 42 ਲੱਖ ਰੁਪਏ ਦੀ ਲਾਗਤ ਨਾਲ ਵੱਡਾ ਯਾਰਡ ਬਣਾਇਆ ਗਿਆ ਹੈ। ਇਸ ਯਾਰਡ ਦੇ ਬਣਨ ਨਾਲ ਕਿਸਾਨਾਂ ਨੂੰ ਬਾਰਿਸ਼ ਤੋਂ ਵੀ ਕੋਈ ਸਮੱਸਿਆ ਨਹੀਂ ਹੋਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਿੱਲਾਂ ਤਿਆਰ ਹਨ। ਤੁਸੀਂ ਗੰਨਾ ਲੈ ਕੇ ਆਓ ਤਾਂ ਜੋ ਮਿੱਲਾਂ ਨੂੰ ਚਲਾਇਆ ਜਾ ਸਕੇ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਤੁਹਾਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਰਜਿੰਦਰ ਪ੍ਰਤਾਪ ਸਿੰਘ ਜਨਰਲ ਮੈਨੇਜਰ, ਸਤਿੰਦਰ ਸਿੰ

3-DEC-PAGE-4.qxd 12/2/2023 11:12 PM Page 1

ਡਾ. ਮਨਦੀਪ ਖੰਗੂੜਾ ਦੀ ਬਦਲੀ ਨੂੰ ਲੈ ਕੇ ਕੀਤੇ ਜਾ ਰਹੇ ਸੰਘਰਸ਼ ਦੀ ਆਸ਼ਾ ਵਰਕਰਾਂ, ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਹਮਾਇਤ

ਕੋਟਕਪੂਰਾ (ਰਛਪਾਲ ਭੁੱਲਰ)

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ, ਪੰਜਾਬ ਪੈਨਸ਼ਨਰਜ਼ ਯੂਨੀਅਨ, ਆਲ ਇੰਡੀਆ ਆਸ਼ਾ ਵਰਕਰਜ਼ ਅਤੇ ਆਸ਼ਾ ਫੈਸਲੀਟੇਟਰ ਯੂਨੀਅਨ ਸਬੰਧਤ ਏਟਕ ਨੇ ਸਹਾਇਕ ਸਿਵਲ ਸਰਜਨ ਫਰੀਦਕੋਟ ਡਾਕਟਰ ਮਨਦੀਪ ਖੰਗੂੜਾ ਦੇ ਖਿਲਾਫ ਪਿਛਲੇ ਇੱਕ ਹਫਤੇ ਤੋਂ ਚੱਲ ਰਹੇ ਸੰਘਰਸ਼ ਦੀ ਪੁਰਜ਼ੋਰ ਹਿਮਾਇਤ ਕੀਤੀ ਹੈ । ਵੱਖ ਵੱਖ ਜਥੇਬੰਦੀਆਂ ਪ ਸ ਸ ਫ ਦੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਆਗੂ ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਗੁਰਚਰਨ ਸਿੰਘ ਮਾਨ, ਕਲਾਸ ਫੌਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਇਕਬਾਲ ਸਿੰਘ ਢੁੱਡੀ ਤੇ ਜਨਰਲ ਸਕੱਤਰ ਬਲਕਾਰ ਸਿੰਘ ਮੰਡੀ ਬੋਰਡ, ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸਲੀਟੇਟਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਨੇ ਕਿਹਾ ਕਿ ਸਹਾਇਕ ਸਿਵਲ ਸਰਜਨ ਫਰੀਦਕੋਟ ਡਾਕਟਰ ਮਨਦੀਪ ਖੰਗੂੜਾ ਵੱਲੋਂ ਸਿਹਤ ਵਿਭਾਗ ਦੇ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਕਰਨ ਅਤੇ ਮਰੀਜ਼ਾਂ ਨਾਲ ਦੁਰਵਿਹਾਰ

ਕਰਨ ਕਰਕੇ ਸਿਹਤ ਵਿਭਾਗ ਦੇ ਸਮੂਹ ਡਾਕਟਰ ਸਾਹਿਬਾਨ ਅਤੇ ਸਮੂਹ ਮੁਲਾਜ਼ਮ ਪਿਛਲੀ ਇੱਕ ਹਫਤੇ ਤੋਂ ਸੰਘਰਸ਼ ਕਰ ਰਹੇ ਹਨ।

ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਜ਼ਿਲ੍ਹੇ ਭਰ ਵਿੱਚ ਪਿਛਲੇ ਕਈ ਦਿਨਾਂ ਤੋਂ ਸਿਹਤ ਸੇਵਾਵਾਂ ਠੱਪ ਹੋਣ ਦੇ ਬਾਵਜੂਦ ਜਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਅਤੇ ਲਾਰੇ ਲੱਪੇ ਲਾ ਕੇ ਸਮਾਂ ਲੰਘਾਇਆ ਜਾ ਰਿਹਾ ਹੈ ਅਤੇ ਅਸਿੱਧੇ ਢੰਗ ਨਾਲ ਕਥਿਤ ਦੋਸ਼ੀ ਡਾਕਟਰ ਮਨਦੀਪ ਖੰਗੂੜਾ ਦੀ ਮਦਦ ਕੀਤੀ ਜਾ ਰਹੀ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਤੁਰੰਤ ਇਸ ਅਧਿਕਾਰੀ ਦਾ ਕਿਸੇ ਦੂਰ ਦੁਰੇਡੇ ਥਾਂ ਤਬਾਦਲਾ ਕੀਤਾ ਜਾਵੇ, ਆਪਣੇ ਅਧੀਨ ਕੰਮ ਕਰਦੇ ਮੁਲਾਜ਼ਮ ਨੂੰ ਆਤਮ ਹੱਤਿਆ ਲਈ ਉਕਸਾਉਣ ਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਜਾਵੇ ਅਤੇ ਇਸ ਅਧਿਕਾਰੀ ਦੀਆਂ ਧੱਕੇਸ਼ਾਹੀਆਂ ਅਤੇ ਭ੍ਰਿਸ਼ਟਾਚਾਰ ਦੇ ਲੱਗ ਰਹੇ ਦੋਸ਼ਾਂ ਖਿਲਾਫ ਉੱਚ ਪੱਧਰੀ ਪੜਤਾਲ ਕਰਵਾ ਕੇ ਕਾਨੂੰਨ ਅਨੁਸਾਰ ਬਣਦੀ ਸਜ਼ਾ ਦਿੱਤੀ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਅੱਗੇ ਕਿਹਾ ਕਿ ਜੇਕਰ ਇਹ ਮਸਲਾ ਤੁਰੰਤ ਹੱਲ ਨਾ ਹੋਇਆ ਤਾਂ ਇਹ ਸੰਘਰਸ਼ ਪੰਜਾਬ ਪੱਧਰ ਦਾ ਰੂਪ ਵੀ ਧਾਰਨ ਕਰ ਕਰ ਸਕਦਾ ਹੈ।

ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਵੱਲੋਂ 5 ਨੂੰ ਪਟਿਆਲਾ 'ਚ ਖੂਨਦਾਨ ਕੈਂਪ

ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)-ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਸ਼ਤਾਬਦੀ ਨੂੰ ਸਮਰਪਤ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਵੱਲੋਂ ਕੌਮੀ ਕਨਵੀਨਰ ਹਰਜੀਤ ਸਿੰਘ ਰਾਮਗੜ੍ਹੀਆ ਦੀ ਅਗਵਾਈ ਹੇਠ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤੇ ਚੰਡੀਗੜ੍ਹ ਵਿਖੇ ਵੀ ਵਿਸ਼ਾਲ ਖੂਨਦਾਨ ਕੈਂਪ ਲਾਏ ਜਾ ਰਹੇ ਹਨ। ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਕਲਸੀ ਨੇ ਦੱਸਿਆ ਕਿ 300 ਸਾਲਾ ਸ਼ਤਾਬਦੀ ਦੀ ਸ਼ੁਰੂਆਤ 5 ਮਈ ਨੂੰ ਧਨੌਲਾ (ਬਰਨਾਲਾ) ਵਿਖੇ ਵਿਸ਼ਾਲ ਖੂਨਦਾਨ ਕੈਂਪ ਲਗਾ ਕੇ ਕੀਤੀ ਗਈ ਸੀ। ਉਸ ਉਪਰੰਤ ਜ਼ਿਲ੍ਹਾ ਮੋਹਾਲੀ, ਗੁਰਦਾਸਪੁਰ, ਫਿਰੋਜ਼ਪੁਰ, ਸ੍ਰੀ ਫਤਿਹਗੜ੍ਹ ਸਾਹਿਬ, ਸ੍ਰੀ ਮੁਕਤਸਰ ਸਾਹਿਬ ਅਤੇ ਚੰਡੀਗੜ੍ਹ ਵਿਖੇ ਵਿਸ਼ਾਲ ਖੂਨਦਾਨ ਕੈਂਪ ਲਾ ਚੁੱਕੇ ਹਾਂ। ਕਲਸੀ ਨੇ ਦੱਸਿਆ ਕਿ 300 ਸਾਲਾ ਸ਼ਤਾਬਦੀ ਨੂੰ ਸਮਰਪਤ ਪਟਿਆਲਾ ਵਿਖੇ 5 ਦਸੰਬਰ ਨੂੰ ਸੂਬਾ ਚੇਅਰਮੈਨ ਜਗਜੀਤ ਸਿੰਘ ਸੱਗੂ ਅਤੇ ਪੰਜਾਬ ਦੇ ਮੁੱਖ ਬੁਲਾਰੇ ਰਾਮ ਸਿੰਘ ਧੀਮਾਨ ਦੀ ਸਖਤ ਮਿਹਨਤ ਸਦਕਾ 8ਵਾਂ ਵਿਸ਼ਾਲ ਖੂਨਦਾਨ ਕੈਂਪ ਲੱਗੇਗਾ। ਉਨ੍ਹਾਂ ਦੱਸਿਆ ਇਸ ਮੌਕੇ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਮੈਂਬਰ ਸਾਹਿਬਾਨ ਪੰਜਾਬ ਦੇ ਹਰ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਪਟਿਆਲਾ ਵਿਖੇ ਸ਼ਿਰਕਤ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਸੁਖਵਿੰਦਰ ਸਿੰਘ ਵਾਹੜਾ, ਗੁਰਚਰਨ ਸਿੰਘ, ਹੁਕਮ ਸਿੰਘ ਪ੍ਰਧਾਨ, ਚੰਨਾ ਨਾਗੀ, ਬਿੱਟੂ ਨਾਗੀ, ਸ਼ਿੰਦੂ ਮਾਲਵਾ, ਸੁਖਦੇਵ ਸਿੰਘ ਮਾਲਵਾ, ਹਰਭਜਨ ਸਿੰਘ ਕਲਸੀ, ਕਾਲਾ ਧੋਸੀ, ਗੁਰਾਂਦਿਤਾ ਸਿੰਘ, ਆਦਿ ਹਾਜ਼ਰ ਸਨ।

ਤਿੰਨ ਰੋਜ਼ਾ ਮਜ਼ਦੂਰ ਮੋਰਚਾ ਮੰਤਰੀ ਖੁੱਡੀਆਂ ਦੇ ਘਰ ਅੱਗੇ 9 ਤੋਂ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਅੱਜ ਮਜ਼ਦੂਰ ਆਗੂ ਹਰਵਿੰਦਰ ਸਿੰਘ ਸੇਮਾ, ਮਿੱਠੂ ਸਿੰਘ ਘੁੱਦਾ ਤੇ ਜੋਰਾ ਸਿੰਘ ਨਸਰਾਲੀ ਦੀ ਅਗਵਾਈ ਵਿਚ ਹਲਕਾ ਭੁੱਚੋ ਦੇ ਵਿਧਾਇਕ ਜਗਸੀਰ ਸਿੰਘ ਨੂੰ ਮਜ਼ਦੂਰਾਂ ਦੀਆਂ ਮੰਗਾਂ ਦਾ ਮੰਗ ਪੱਤਰ ਦੇ ਕੇ ਮਜ਼ਦੂਰਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ। ਪ੍ਰੈਸ ਨੂੰ

ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਨੇ ਭਗਵੰਤ ਮਾਨ ਸਰਕਾਰ ਉਪਰ ਮਜ਼ਦੂਰ ਵਰਗ ਦੀ ਅਣਦੇਖੀ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ 'ਆਪ' ਸਰਕਾਰ ਵੱਲੋਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਾਗੂ ਕਰਨਾ ਤਾਂ ਦੂਰ ਸਗੋਂ ਮੁੱਖ ਮੰਤਰੀ ਸਾਂਝੇ ਮਜ਼ਦੂਰ ਮੋਰਚੇ ਨੂੰ ਕਰੀਬ 8 ਵਾਰ ਲਿਖਤੀ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗ ਕਰਨ ਤੋਂ ਹੀ ਮੁੱਕਰ ਗਏ। ਉਨ੍ਹਾਂ ਕਿਹਾ ਕਿ ਇਸ ਸਰਕਾਰ ਦਾ ਅੱਠ ਘੰਟਿਆਂ ਦੀ ਕੰਮ ਦਿਹਾੜੀ ਨੂੰ ਵਧਾ ਕੇ ਬਾਰਾਂ ਘੰਟੇ ਕਰਨ ਦਾ ਫੈਸਲਾ ਵੀ ਮਜ਼ਦੂਰ ਦੋਖੀ ਅਤੇ ਕਾਰਪੋਰੇਟ ਘਰਾਣਿਆਂ ਪੱਖੀ ਖ਼ਸਲਤ ਦਾ ਹੀ ਸਿੱਟਾ ਹੈ। ਬਦਲਾਅ ਦਾ ਝਾਂਸਾ ਦੇ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਅਕਾਲੀ ਤੇ ਕਾਗਰਸੀ ਸਰਕਾਰਾਂ ਵਾਂਗ ਹੀ ਮਜ਼ਦੂਰ ਤੇ ਲੋਕ ਵਿਰੋਧੀ ਅਤੇ ਜਗੀਰਦਾਰਾਂ, ਸੂਦਖੋਰਾਂ ਤੇ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਲਾਗੂ ਕਰ ਰਹੀ ਹੈ। ਮਜ਼ਦੂਰ ਆਗੂਆਂ ਕਿਹਾ ਕਿ ਕੈਬਨਿਟ ਸਬ ਕਮੇਟੀ ਨਾਲ ਹੋਈਆਂ ਸਾਂਝੇ ਮੋਰਚੇ ਦੀਆਂ ਮੀਟਿੰਗਾਂ 'ਚ ਮਜ਼ਦੂਰਾਂ ਨੂੰ ਕੱਟੇ ਪਲਾਟਾਂ ਦੇ ਕਬਜ਼ੇ ਦੇਣ, ਪੰਚਾਇਤੀ ਜ਼ਮੀਨ ਦੀਆਂ ਡੰਮੀ ਬੋਲੀਆਂ ਰੱਦ ਕਰਨ ਅਤੇ ਅੰਦੋਲਨਾਂ ਦੌਰਾਨ ਬਣੇ ਕੇਸ ਵਾਪਸ ਲੈਣ ਵਰਗੀਆਂ ਮੰਗਾਂ ਪ੍ਰਵਾਨ ਕਰਨ ਦੇ ਬਾਵਜੂਦ ਇਨ੍ਹਾਂ 'ਤੇ ਵੀ ਕੋਈ ਅਮਲ ਨਹੀਂ ਕੀਤਾ ਗਿਆ। ਸਰਕਾਰ ਵੱਲੋਂ ਚੋਣਾਂ ਮੌਕੇ ਦਿੱਤੀਆਂ ਗਰੰਟੀਆਂ ਨੂੰ ਲਾਗੂ ਕਰਵਾਉਣ, ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦਿਵਾਉਣ, ਮਕਾਨ ਉਸਾਰੀ ਲਈ ਗਰਾਂਟ ਦਿਵਾਉਣ, ਕਰਜ਼ੇ ਮਾਫ ਕਰਨ, ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ, ਘੱਟੋ ਘੱਟ ਦਿਹਾੜੀ 700 ਰੁਪਏ ਕਰਨ, ਮਨਰੇਗਾ ਤਹਿਤ ਸਾਲ ਭਰ ਰੁਜ਼ਗਾਰ ਹਰ ਬਾਲਗ ਮਜ਼ਦੂਰ ਨੂੰ ਦੇਣਾ ਯਕੀਨੀ ਬਣਾਉਣ ਅਤੇ ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣ, ਕੰਮ ਦਿਹਾੜੀ ਦੇ ਘੰਟੇ ਵਧਾਉਣ ਵਾਲਾ ਨੋਟੀਫਿਕੇਸ਼ਨ ਤੁਰੰਤ ਰੱਦ ਕਰਨ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਦਲਿਤ ਭਾਈਚਾਰੇ ਨੂੰ ਸਸਤੇ ਭਾਅ ਠੇਕੇ 'ਤੇ ਦੇਣ, ਜ਼ਮੀਨੀ ਹੱਦਬੰਦੀ ਕਾਨੂੰਨ ਸਖਤੀ ਨਾਲ ਲਾਗੂ ਕਰਕੇ ਵਾਧੂ ਨਿਕਲਦੀਆਂ ਜ਼ਮੀਨਾਂ ਦੀ ਵੰਡ ਬੇਜ਼ਮੀਨੇ ਮਜ਼ਦੂਰਾਂ ਤੇ ਗਰੀਬ ਕਿਸਾਨਾਂ 'ਚ ਕਰਨ, ਵਿਧਵਾ/ਬੁਢਾਪਾ ਅੰਗਹੀਣਾਂ ਨੂੰ 5000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਅਤੇ ਸਮਾਜਿਕ ਤੇ ਸਰਕਾਰੀ ਜਬਰ ਬੰਦ ਕਰਨ ਆਦਿ ਮੰਗਾਂ ਦੀ ਪੂਰਤੀ ਲਈ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ 9 ਤੋਂ 11 ਦਸੰਬਰ ਤੱਕ ਤਿੰਨ ਰੋਜ਼ਾ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਵਫਦ ਵਿੱਚ ਬਲਦੇਵ ਸਿੰਘ ਪੂਹਲਾ, ਤੀਰਥ ਸਿੰਘ ਕੋਠਾਗੁਰੂ ਅਤੇ ਪਿਰਤਪਾਲ ਸਿੰਘ ਆਦਿ ਆਗੂ ਵੀ ਸ਼ਾਮਲ ਸਨ। ਨਸਰਾਲੀ ਨੇ ਦੱਸਿਆ ਕਿ ਇਸੇ ਤਰ੍ਹਾਂ ਦਾ ਮੰਗ ਪੱਤਰ ਹਲਕਾ ਰਾਮਪੁਰਾ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੂੰ ਵੀ ਸੌਂਪਿਆ ਗਿਆ।

ਕਾਤਰਾਂ

ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਪ੍ਰੋਗਰਾਮ 8 ਤੋਂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਬਾਬਾ ਨਾਮਦੇਵ ਸਭਾ ਦੇ ਪ੍ਰਧਾਨ ਰਾਜਿੰਦਰ ਸਿੰਘ ਰਾਜਾ ਲੌਂਗੋਵਾਲ ਨੇ ਦੱਸਿਆ ਕਿ 8, 9 ਅਤੇ 10 ਦਸੰਬਰ ਨੂੰ ਬਾਬਾ ਨਾਮਦੇਵ ਸਭਾ ਵੱਲੋਂ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਮਹਾਰਾਜ ਦੇ 753ਵੇਂ ਪ੍ਰਕਾਸ਼ ਪੁਰਬ ਮੌਕੇ 8 ਦਸੰਬਰ ਨੂੰ ਧਰਮਸ਼ਾਲਾ ਨਾਮਦੇਵ ਮਾਰਗ ਸਲਾਈਟ ਰੋਡ ਲੌਂਗੋਵਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ ਜਾਣਗੇ ਅਤੇ 9 ਦਸੰਬਰ ਨੂੰ ਭਾਰੀ ਦੀਵਾਨ ਸਜਣਗੇ ਅਤੇ 10 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੂੱਟ ਵਰਤੇਗਾ।

ਡਾ. ਅਨਵਰ ਭਸੌੜ ਪੰਜਾਬ ਵਕਫ਼ ਬੋਰਡ ਦੇ ਮੈਂਬਰ ਨਿਯੁਕਤ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਤੋਂ ਸੀਨੀਅਰ 'ਆਪ' ਆਗੂ ਡਾ. ਅਨਵਰ ਭਸੌੜ ਨੂੰ ਪੰਜਾਬ ਵਕਫ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਸਤਖਤਾਂ ਹੇਠ ਜਾਰੀ ਹੋਏ ਨਿਯੁਕਤੀ ਪੱਤਰ ਵਿੱਚ ਡਾ. ਅਨਵਰ ਭਸੌੜ ਸਮੇਤ ਮੁਹੰਮਦ ਉਵੈਸ, ਅਬਦੁਲ ਕਾਦਿਰ ਅਤੇ ਬਹਾਦਰ ਖਾਨ ਨੂੰ ਵੀ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਆਪਣੀ ਨਿਯੁਕਤੀ 'ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਮੁੱਚੀ ਆਪ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ, ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਮੁਸਲਿਮ ਕੌਮ ਦੀ ਬੇਹਤਰੀ ਲਈ ਜੀਅ ਤੋੜ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਵਕਫ਼ ਬੋਰਡ ਵੱਲੋਂ ਚਲਾਏ ਜਾ ਰਹੇ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਹੋਰ ਅਦਾਰਿਆਂ ਨੂੰ ਜਿੱਥੇ ਹੋਰ ਬੇਹਤਰ ਬਣਾਇਆ ਜਾਵੇਗਾ, ਉਥੇ ਗਰਾਂਟਾਂ, ਪੈਨਸ਼ਨਾਂ ਨੂੰ ਲੋੜਵੰਦ ਲੋਕਾਂ ਤੱਕ ਪੁੱਜਦਾ ਕੀਤਾ ਜਾਵੇਗਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਮੁਤਾਬਿਕ 'ਲੋਕਾਂ ਦਾ ਪੈਸਾ ਲੋਕਾਂ ਤੇ ਹੀ ਖਰਚਿਆ ਜਾਵੇਗਾ'।

ਨਾਬਾਲਗ ਲੜਕਾ ਭੇਦਭਰੇ ਢੰਗ ਨਾਲ ਲਾਪਤਾ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਦੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਰਹਿਣ ਵਾਲੀ ਤੀਰਥ ਕੌਰ ਦਾ ਨਾਬਾਲਗ 12 ਸਾਲ ਦਾ ਬੱਚਾ ਹਰਸ਼ਪ੍ਰੀਤ ਸਿੰਘ ਭੇਦਭਰੇ ਢੰਗ ਨਾਲ ਲਾਪਤਾ ਹੋ ਗਿਆ ਹੈ ਜਿਸ 'ਤੇ ਪੁਲਸ ਨੇ ਅਗਵਾ ਦਾ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਬਿਆਨ ਦਰਜ ਕਰਵਾਉਂਦਿਆਂ ਤੀਰਥ ਕੌਰ ਨੇ ਦੱਸਿਆ ਕਿ ਉਸ ਦਾ ਪਹਿਲੇ ਵਿਆਹ ਤੋਂ ਤਲਾਕ ਹੋ ਚੁੱਕਾ ਹੈ ਅਤੇ ਉਸ ਨੇ ਦੂਜਾ ਵਿਆਹ ਕਰਵਾਇਆ ਸੀ ਜਿਸ ਤੋਂ ਸੰਨ 2012 ਵਿਚ ਇੱਕ ਲੜਕਾ ਹਰਸ਼ਪ੍ਰੀਤ ਸਿੰਘ ਪੈਦਾ ਹੋਇਆ। ਲੰਘੀ 27 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ ਬੱਚਾ ਹਰਸ਼ਪ੍ਰੀਤ ਸਿੰਘ ਘਰੋਂ ਇਹ ਕਹਿ ਕੇ ਗਿਆ ਕਿ ਉਹ ਨੇੜੇ ਹੀ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਮੱਥਾ ਟੇਕਣ ਜਾ ਰਿਹਾ ਹੈ ਪਰ ਉਹ ਸ਼ਾਮ ਤੱਕ ਵਾਪਸ ਨਾ ਆਇਆ। ਪਰਵਾਰ ਵਲੋਂ ਬੱਚੇ ਦੀ ਕਾਫ਼ੀ ਤਲਾਸ਼ ਕੀਤੀ ਗਈ ਪਰ ਉਸ ਦਾ ਕੋਈ ਸੁਰਾਗ ਨਾ ਲੱਗਾ। ਲਾਪਤਾ ਬੱਚੇ ਹਰਸ਼ਪ੍ਰੀਤ ਦੀ ਮਾਤਾ ਨੇ ਦੱਸਿਆ ਕਿ ਉਸ ਦਾ ਇਹ ਬੱਚਾ ਚੌਥੀ ਜਮਾਤ ਵਿਚ ਪੜ੍ਹਦਾ ਹੈ ਅਤੇ ਭੇਦਭਰੇ ਢੰਗ ਨਾਲ ਲਾਪਤਾ ਹੋਣ ਕਾਰਨ ਸਾਰਾ ਪਰਵਾਰ ਕਾਫ਼ੀ ਪ੍ਰੇਸ਼ਾਨ ਹੈ। ਪੁਲਸ ਵਲੋਂ ਇਸ ਸਬੰਧੀ ਅਣਪਛਾਤੇ ਵਿਅਕਤੀ ਖਿਲਾਫ਼ ਅਗਵਾ ਦਾ ਮਾਮਲਾ ਦਰਜ ਕਰ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਲਾਪਤਾ ਬੱਚੇ ਦੀ ਭਾਲ ਕੀਤੀ ਜਾ ਰਹੀ ਹੈ।

ਨੌਜਵਾਨ ਦੀ ਸਿਰ 'ਚ ਸੱਟ ਵੱਜਣ ਕਾਰਨ ਮੌਤ

ਦਿੜ੍ਹਬਾ (ਜਸਵੀਰ ਲਾਡੀ)-ਪਿੰਡ ਛਾਜਲੀ ਦਾ ਨੌਜਵਾਨ ਗੁਰਤੇਜ ਸਿੰਘ (ਤੇਜਾ ਮਠਾੜੂ) ਇੱਕ ਵਿਆਹ ਤੋਂ ਸੰਗਰੂਰ ਵਾਲੀ ਸਾਇਡ ਤੋਂ ਆਪਣੇ ਬੋਲਟ ਮੋਟਰ ਸਾਈਕਲ 'ਤੇ ਪਿੰਡ ਆ ਰਿਹਾ ਸੀ । ਜਦੋਂ ਉਹ ਪਿੰਡ ਚੱਠੇ ਨਕਟੇ ਪਹੁੰਚਿਆ ਤਾਂ ਕਿਸੇ ਕਾਰਨ ਉਸ ਦਾ ਬੋਲਟ ਮੋਟਰ ਸਾਈਕਲ ਸੰਤੁਲਨ

3-DEC-PAGE-5.qxd 12/2/2023 11:10 PM Page 1

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਵਿਧਾਇਕ ਦੇ ਨਾਂਅ ਮੰਗ ਪੱਤਰ ਸੌਂਪਿਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)

ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮਜ਼ਦੂਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾ ਦੀ ਪ੍ਰਾਪਤੀ ਲਈ ਪੰਜਾਬ ਭਰ ਵਿੱਚ ਐਮ ਐਲ ਏ ਨੂੰ ਦਿੱਤੇ ਜਾ ਰਹੇ ਮੰਗ ਪੱਤਰ ਦੀ ਲੜੀ ਤਹਿਤ ਸੰਗਰੂਰ ਦੀ ਐਮ ਐਲ ਏ ਨਰਿੰਦਰ ਕੌਰ ਭਰਾਜ ਦੀ ਗੈਰ-ਹਾਜ਼ਰੀ ਵਿੱਚ ਜਗਜੀਤ ਸਿੰਘ ਬਰਾੜ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਸਕੱਤਰ ਲਖਵੀਰ ਸਿੰਘ ਲੌਂਗੋਂਵਾਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਪ੍ਰੀਤਮ ਸਿੰਘ ਨਿਆਮਤਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਜ਼ਦੂਰ ਜਥੇਬੰਦੀਆਂ ਨੂੰ 8 ਵਾਰ ਮੀਟਿੰਗ ਦੇ ਕੇ ਮੁੱਕਰਨਾ ਸਿੱਧ ਕਰਦਾ ਹੈ ਕਿ ਮਾਨ ਸਰਕਾਰ ਮਜ਼ਦੂਰਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ। ਉਨ੍ਹਾਂ ਕਿਹਾ ਕਿ 8 ਤੋਂ 12 ਘੰਟੇ ਵਾਲਾ ਜਾਰੀ ਕੀਤਾ ਨੋਟੀਫਿਕੇਸ਼ਨ ਨੂੰ ਲਿਖਤੀ ਤੌਰ 'ਤੇ ਰੱਦ ਕਰੇ, ਸੈਂਟਰ ਸਰਕਾਰ ਵੱਲੋਂ ਕਿਰਤ ਕਾਨੂੰਨਾਂ 'ਚ ਕੀਤੀਆਂ ਸੋਧਾਂ ਖਿਲਾਫ਼ ਪੰਜਾਬ ਵਿਧਾਨ ਸਭਾ ਵਿੱਚ ਮਤਾ ਪੇਸ਼ ਕਰੇ, ਮਜ਼ਦੂਰਾਂ ਦੇ ਕੱਟੇ ਹੋਏ ਪਲਾਟਾਂ ਦੇ ਕਬਜ਼ੇ ਦੇ ਕੇ ਮਜ਼ਦੂਰਾਂ ਨੂੰ ਘਰ ਬਣਾਉਣ ਲਈ ਗਰਾਂਟ ਜਾਰੀ ਕਰੇ, ਪੰਚਾਇਤ ਜ਼ਮੀਨਾਂ ਦੀ ਡੰਮੀ ਬੋਲੀਆਂ ਰੱਦ ਕਰਕੇ ਪੰਚਾਇਤ ਜ਼ਮੀਨਾਂ ਦਾ ਪੱਕੇ ਤੌਰ 'ਤੇ ਹੱਲ ਕਰੇ, ਮਨਰੇਗਾ ਦਾ ਕੰਮ ਪਾਰਦਰਸ਼ੀ ਨਾਲ ਚਾਲੂ ਕੀਤਾ ਜਾਵੇ, ਮਜਦੂਰਾਂ ਸਿਰ ਚੜੇ ਕਰਜ਼ਾ ਮਾਫ ਕੀਤਾ ਜਾਵੇ ਆਦਿ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਭਰ ਵਿੱਚ ਮੋਰਚੇ ਵੱਲੋਂ 30 ਨਵੰਬਰ, 1 ਅਤੇ 2 ਦਸੰਬਰ ਨੂੰ ਪੰਜਾਬ ਭਰ ਚ ਮਜਦੂਰ ਮੰਗਾ ਲਈ ਐਮ ਐਲ ਏ ਆ ਰਾਹੀਂ ਮੰਗ ਪੱਤਰ ਦਿੱਤੇ ਜਾ ਰਹੇ ਹਨ ਜੇਕਰ ਫਿਰ ਵੀ ਮੰਗਾ ਦਾ ਹੱਲ ਨਾ ਕੀਤਾ ਤਾਂ 9, 10 ਅਤੇ 11 ਦਸੰਬਰ ਨੂੰ ਪੰਜਾਬ ਭਰ ਚਾਰ ਥਾਵਾਂ 'ਤੇ ਤਿੰਨ ਰੋਜ਼ਾ ਧਰਨੇ ਦਿੱਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਕਾ ਸਿੰਘ, ਸੀਤਾ ਸਿੰਘ, ਸੁਰਿੰਦਰ ਸਿੰਘ ਭੈਣੀ, ਬੂਟਾ ਸਿੰਘ ਆਦਿ ਵੀ ਮੌਜੂਦ ਸਨ।

ਪਿਓ ਨੇ ਇਕਲੌਤੇ ਪੁੱਤਰ ਨੂੰ ਮਾਰੀ ਗੋਲੀ

ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)-ਬੀਤੇ ਦਿਨੀਂ ਪਿੰਡ ਧੌਲਾ ਦੇ ਇੱਕ ਵਿਅਕਤੀ ਸ਼ਿਵਰਾਜ ਸਿੰਘ ਨੇ ਆਪਣੇ ਹੀ ਇਕਲੌਤੇ ਪੁੱਤਰ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਸੀ, ਜਿਸ ਦਾ ਬਠਿੰਡਾ ਵਿਖੇ ਇਲਾਜ ਚੱਲ ਰਿਹਾ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਜਾਣਕਾਰੀ ਦਿੰਦੇ ਹੋਏ ਥਾਣਾ ਲੰਬੀ ਦੇ ਉਪ ਕਪਤਾਨ ਜਸਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਬੀਤੇ ਕੱਲ੍ਹ ਪਿੰਡ ਧੌਲਾ ਦੇ ਸ਼ਿਵਰਾਜ ਸਿੰਘ ਨੇ ਆਪਣੇ ਕਰੀਬ 22 ਸਾਲ ਦੇ ਇਕਲੌਤੇ ਪੁੱਤਰ ਨਵਜੋਤ ਸਿੰਘ ਨੂੰ ਗੋਲੀ ਮਾਰ ਦਿੱਤੀ ਸੀ, ਜਿਸ ਦਾ ਜ਼ਖਮੀ ਹਾਲਤ ਵਿਚ ਇਲਾਜ ਚੱਲ ਰਿਹਾ ਸੀ ਅਤੇ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਨੇ 10 ਦਸੰਬਰ ਨੂੰ ਕੈਨੇਡਾ ਜਾਣਾ ਸੀ। ਉਨ੍ਹਾਂ ਦੱਸਿਆ ਕਿ ਵਜ੍ਹਾ ਇਹ ਸੀ ਕਿ ਮ੍ਰਿਤਕ ਦੇ ਪਿਤਾ ਅਤੇ ਲੜਕੇ ਦਾ ਚਾਚਾ ਇਸ 'ਤੇ ਸ਼ੱਕ ਕਰਦੇ ਸਨ ਕਿ ਇਹ ਲੜਕਾ ਉਨ੍ਹਾਂ ਦੀ ਔਲਾਦ ਨਹੀਂ ਹੈ, ਜਿਸ ਦੇ ਚਲਦਿਆਂ ਮ੍ਰਿਤਕ ਦੇ ਚਾਚਾ ਰੋਸ਼ਮ ਦੇ ਨਾਂ 'ਤੇ ਲਾਇਸੰਸੀ ਅਸਲੇ ਨਾਲ ਗੋਲੀ ਮਾਰ ਦਿੱਤੀ ਸੀ। ਥਾਣਾ ਲੰਬੀ ਦੀ ਪੁਲਸ ਜਾਂਚ ਕਰਨ ਤੋਂ ਬਾਅਦ ਮ੍ਰਿਤਕ ਲੜਕੇ ਦੀ ਮਾਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਪਿਤਾ ਅਤੇ ਉਸ ਦੇ ਚਾਚੇ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਡੀ.ਐਸ.ਪੀ. ਜਸਪਾਲ ਸਿੰਘ ਧਾਲੀਵਾਲ।

ਆਰ ਐੱਸ ਐੱਸ ਦੀਆਂ ਫਿਰਕੂ ਹਿੰਸਾ ਭੜਕਾਊ, ਵੰਡਵਾਦੀ ਕੁਚਾਲਾਂ ਖਿਲਾਫ਼ ਯੁੱਧ ਪ੍ਰਚੰਡ ਕਰੋ : ਮਹੀਪਾਲ

ਅਬੋਹਰ (ਪੱਤਰ ਪ੍ਰੇਰਕ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਫਾਜ਼ਿਲਕਾ ਜ਼ਿਲ੍ਹਾ ਕਮੇਟੀ ਦੀ ਵਧਾਈ ਹੋਈ ਮੀਟਿੰਗ ਸਥਾਨਕ ਨਹਿਰੂ ਪਾਰਕ ਵਿਖੇ ਸਾਥੀ ਕੁਲਵੰਤ ਸਿੰਘ ਕਿਰਤੀ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਕੌਮਾਂਤਰੀ, ਕੌਮੀ ਅਤੇ ਸੂਬੇ ਦੇ ਰਾਜਸੀ ਹਾਲਾਤ, ਕਿਰਤੀ ਲਹਿਰ ਸਨਮੁੱਖ ਚੁਣੌਤੀਆਂ ਅਤੇ ਪਾਰਟੀ ਦੇ ਕਰਨ ਗੋਚਰੇ ਕਾਰਜਾਂ ਬਾਰੇ ਵਿਚਾਰ ਰੱਖੇ। ਜਿਲ੍ਹਾ ਸਕੱਤਰ ਸਾਥੀ ਗੁਰਮੇਜ ਲਾਲ ਗੇਜੀ ਵਲੋਂ ਪੇਸ਼ ਕੀਤੀ ਗਈ ਪਿਛਲੇ ਕੰਮਾਂ ਅਤੇ ਸਰਗਰਮੀਆਂ ਦੀ ਰਿਪੋਰਟ ਉਸਾਰੂ ਸੁਝਾਵਾਂ ਅਤੇ ਵਾਧਿਆਂ ਸਮੇਤ ਸਰਵ ਸੰਮਤੀ ਨਾਲ ਪ੍ਰਵਾਨ ਕੀਤੀ ਗਈ। ਮੀਟਿੰਗ ਨੇ ਫੈਸਲਾ ਕੀਤਾ ਹੈ ਕਿ ਪਿੰਡ-ਮੁਹੱਲਾ ਪੱਧਰ 'ਤੇ ਜਨਰਲ ਬਾਡੀ ਮੀਟਿੰਗਾਂ, ਰੈਲੀਆਂ, ਕਨਵੈਨਸ਼ਨਾਂ ਤੇ ਵਿਚਾਰ ਗੋਸ਼ਟੀਆਂ ਆਦਿ ਰਾਹੀਂ ਪਾਰਟੀ ਵਲੋਂ ਵਿੱਢੀ "ਕਾਰਪੋਰੇਟ ਭਜਾਓ ਮੋਦੀ ਹਰਾਓ ਦੇਸ਼ ਬਚਾਓ" ਮੁਹਿੰਮ ਹੋਰ ਤੇਜ਼ ਕੀਤੀ ਜਾਵੇਗੀ। ਮੁਹਿੰਮ ਦੌਰਾਨ ਹਰ ਮੁਹਾਜ਼ ਤੇ ਅਸਲੋਂ ਨਾਕਾਮ ਸਾਬਤ ਹੋਈ ਮੋਦੀ-ਸ਼ਾਹ ਸਰਕਾਰ ਨੂੰ 2024 ਦੀਆਂ ਲੋਕ ਸਭਾ ਚੋਣਾਂ ਮੁੜ ਜਿਤਾਉਣ ਲਈ ਆਰ.ਐਸ.ਐਸ. ਦੇ ਖਰ੍ਹਦੀ ਟੋਲਿਆਂ ਵਲੋਂ ਦੇਸ਼ ਭਰ 'ਚ ਭੜਕਾਈ ਜਾ ਰਹੀ ਫਿਰਕੂ ਹਿੰਸਾ ਅਤੇ ਧਰਮ ਆਧਾਰਤ ਕੱਟੜ ਹਿੰਦੂ ਰਾਸ਼ਟਰ ਦੀ ਕਾਇਮੀ ਲਈ ਕੀਤੀਆਂ ਜਾ ਰਹੀਆਂ ਵੰਡਵਾਦੀ ਸਾਜ਼ਸ਼ਾਂ ਤੋਂ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਮੋਦੀ-ਸ਼ਾਹ ਸਰਕਾਰ ਦੀਆਂ ਨਵ ਉਦਾਰਵਾਦੀ ਨੀਤੀਆਂ ਖਿਲਾਫ਼ ਵੀ ਯੁੱਧ ਪ੍ਰਚੰਡ ਕਰਨ ਦਾ ਸੱਦਾ ਦਿੱਤਾ ਜਾਵੇਗਾ। ਇਹ ਵੀ ਨਿਰਣਾ ਲਿਆ ਗਿਆ ਹੈ ਕਿ ਸੂਬੇ ਦੀ ਮਾਨ ਸਰਕਾਰ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਮੋਦੀ ਵਾਲੀਆਂ ਹੀ ਲੋਕ ਮਾਰੂ ਨੀਤੀਆਂ ਅਤੇ ਇਸ ਦੀ ਰੱਦੀ ਪ੍ਰਸ਼ਾਸਨਿਕ ਕਾਰਗੁਜ਼ਾਰੀ ਤੇ ਜਾਬਰ ਹਮਲਿਆਂ ਖਿਲਾਫ਼ ਵੀ ਨਿੱਤਰਨ ਦੀ ਅਪੀਲ ਕੀਤੀ ਜਾਵੇਗੀ। ਸਾਂਝੇ ਮਜ਼ਦੂਰ ਮੋਰਚੇ, ਸੰਯੁਕਤ ਕਿਸਾਨ ਮੋਰਚੇ ਦੇ ਘੋਲਾਂ ਸਮੇਤ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਜੂਝ ਰਹੇ ਮਜ਼ਦੂਰਾਂ-ਮੁਲਾਜ਼ਮਾਂ ਅਤੇ ਹੋਰ ਮਿਹਨਤਕਸ਼ ਸੰਗਠਨਾਂ ਦੇ ਸੰਘਰਸ਼ਾਂ ਦੀ ਮੁਕੰਮਲ ਹਿਮਾਇਤ ਕਰਨ ਦਾ ਮਤਾ ਪਾਸ ਕੀਤਾ ਗਿਆ। ਸਰਵ ਸਾਥੀ ਸਤਨਾਮ ਰਾਏ, ਜੈਮਲ ਰਾਮ, ਜੱਗਾ ਸਿੰਘ ਖੂਈਆਂ ਸਰਵਰ, ਰਮੇਸ਼ ਵਡੇਰਾ, ਬਲਦੇਵ ਧੁਨਕੀਆ, ਗੋਪਾਲ ਸਿੰਘ ਸੀਡ ਫਾਰਮ, ਅਵਤਾਰ ਸਿੰਘ ਨੇ ਵੀ ਵਿਚਾਰ ਰੱਖੇ। ਇਜ਼ਰਾਇਲ ਵਲੋਂ ਵਿੱਢੀ ਗਈ ਤਬਾਹਕੁੰਨ ਜੰਗ ਵਿਚ ਮਾਰੇ ਗਏ ਨਿਰਦੋਸ਼ ਫਲਸਤੀਨੀ ਨਾਗਰਿਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇਹ ਜੰਗ ਫੌਰੀ ਬੰਦ ਕਰਨ ਦੀ ਮੰਗ ਕੀਤੀ ਗਈ।

ਕਥਾ ਕੀਰਤਨ ਸਮਾਗਮ ਤੀਜੇ ਦਿਨ 'ਚ ਸ਼ਾਮਲ

ਜਲਾਲਾਬਾਦ (ਜੀਤ ਕੁਮਾਰ)

ਸ੍ਰੀ ਗੁਰੂ ਸਿੰਘ ਸਭਾ ਲਹਿਰ ਦੇ 150 ਸਾਲਾ ਸਥਾਪਨਾ ਦਿਵਸ ਨੂੰ ਸਮਰਪਤ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਆਯੋਜਿਤ 5 ਰੋਜ਼ਾ 35ਵਾਂ ਦੁਖ ਨਿਵਾਰਨ ਕੈਂਪ ਨਾਮੁ ਜਾਪੁ ਕਥਾ ਕੀਰਤਨ ਸਮਾਗਮ ਦੇ ਤੀਜੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ।

ਸਮਾਗਮ ਦੌਰਾਨ ਐਕਮੇ ਪਬਲਿਕ ਸਕੂਲ ਦੇ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ।

ਇਸ ਦੇ ਬਾਅਦ ਦੀਵਾਨਾਂ ਦੌਰਾਨ ਭਾਈ ਹਰਮਿੰਦਰ ਸਿੰਘ , ਭਾਈ ਗਗਨਦੀਪ ਸਿੰਘ ਸ੍ਰੀ ਮੁਕਤਸਰ ਸਾਹਿਬ ਵਾਲੇ, ਭਾਈ ਨਿਰਮਲ ਸਿੰਘ, ਭਾਈ ਸੁਖਵਿੰਦਰ ਸਿੰਘ ਗੋਗਾ ਮਾਤਾ ਕੌਲਾਂ ਟਰੱਸਟ ਨੇ ਗੁਰਬਾਣੀ ਵਿਚਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਰਤਨੀ ਜਥਿਆਂ ਨੂੰ ਸਿਰੋਪੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜਲਾਲਾਬਾਦ ਦੀ ਪ੍ਰਬੰਧਕੀ ਕਮੇਟੀ ਦੇ ਸਰਪ੍ਰਸਤ ਸ਼ੇਰ ਸਿੰਘ, ਪ੍ਰਧਾਨ ਪ੍ਰਤਾਪ ਸਿੰਘ ਖਾਲਸਾ, ਮੀਤ ਪ੍ਰਧਾਨ ਸੁਰਿੰਦਰ ਸਿੰਘ, ਸਕੱਤਰ ਜਤਿੰਦਰ ਸਿੰਘ, ਇੰਦਰਜੀਤ ਸਿੰਘ, ਗੁਰਦੀਪ ਸਿੰਘ, ਸੰਪੂਰਨ ਸਿੰਘ, ਮੈਨੇਜਰ ਅਤਿੰਦਰ ਸਿੰਘ, ਗੋਲਡੀ ਆਦਿ ਮੌਜੂਦ ਸਨ।

ਕਾਤਰਾਂ

ਗੰਨੇ ਦੇ ਰੇਟ 'ਚ ਕੀਤਾ ਗਿਆ ਵਾਧਾ ਕਿਸਾਨਾਂ ਨਾਲ ਕੋਝਾ ਮਜ਼ਾਕ : ਭੀਨਾ ਬਰਾੜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਵੱਲੋਂ ਗੰਨੇ ਦਾ ਮੁੱਲ 11 ਰੁਪਏ ਪ੍ਰਤੀ ਕਵਿੰਟਲ ਵਧਾਉਣ 'ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਮਰਜੀਤ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨਾਲ ਇੱਕ ਕੋਝਾ ਮਜ਼ਾਕ ਕੀਤਾ ਗਿਆ ਤੇ ਕਿਸਾਨ ਭਾਈਚਾਰਾ ਪਹਿਲਾਂ ਹੀ ਸੂਬਾ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਨਾਲ ਜੂਝ ਰਿਹਾ। ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਮਹਿੰਗਾਈ ਨੂੰ ਦੇਖਦਿਆਂ ਗੰਨੇ ਦਾ ਮੁੱਲ 391 ਦੀ ਜਗ੍ਹਾ ਵਧਾ ਕੇ ਘੱਟ ਤੋਂ ਘੱਟ 405 ਰੁਪਏ ਪ੍ਰਤੀ ਕਵਿੰਟਲ ਦਿੱਤਾ ਜਾਵੇ ਅਤੇ ਕਿਸਾਨਾਂ ਦੇ ਕਰਜ਼ੇ ਵੀ ਮਾਫ਼ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕਿਸਾਨ ਦਾ ਧਿਆਨ ਰੱਖਣਾ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਇਹ ਫੈਸਲਾ ਨਿੰਦਣਯੋਗ ਹੈ ਤੇ ਕਾਂਗਰਸ ਪਾਰਟੀ ਕਿਸਾਨਾਂ ਨਾਲ ਕੀਤਾ ਗਿਆ ਮਜ਼ਾਕ ਬਰਦਾਸ਼ਤ ਨਹੀਂ ਕਰੇਗੀ।

ਹੈਰੋਇਨ ਸਣੇ ਦੋ ਵਿਅਕਤੀ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਦੀ ਪੁਲਸ ਵੱਲੋਂ 2 ਵਿਅਕਤੀਆਂ ਨੂੰ 10 ਗ੍ਰਾਮ ਹੈਰੋਇਨ ਅਤੇ ਇਕ ਮੋਟਰਸਾਈਕਲ ਸਣੇ ਕਾਬੂ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਲੇਖ ਰਾਜ ਸਾਥੀ ਕਰਮਚਾਰੀਆਂ ਨਾਲ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਥਾਣਾ ਸਿਟੀ ਏਰੀਏ ਵਿਚ ਗਸ਼ਤ ਦੌਰਾਨ ਟੀ-ਪੁਆਇਟ ਕਾਹਨੇਵਾਲਾ ਰੋਡ 'ਤੇ ਜਾ ਰਹੇ ਸੀ ਤਾਂ ਸਾਹਮਣੇ ਤੋਂ ਇਕ ਮੋਟਰਸਾਈਕਲ (ਨੰਬਰ ਪੀਬੀ 61ਸੀ-9871) 'ਤੇ ਦੋ ਵਿਅਕਤੀ ਸਵਾਰ ਹੋ ਕੇ ਆਉਂਦੇ ਦਿਖਾਈ ਦਿੱਤੇ ਅਤੇ ਇਹ ਵਿਅਕਤੀ ਪੁਲਸ ਪਾਰਟੀ ਨੂੰ ਵੇਖ ਕੇ ਇਕਦਮ ਪਿੱਛੇ ਮੁੜਨ ਲੱਗੇ ਤਾਂ ਜਲਦਬਾਜ਼ੀ ਵਿਚ ਮੋਟਰਸਾਈਕਲ ਡਿਗ ਪਿਆ, ਜਿਸ 'ਤੇ ਪੁਲਸ ਪਾਰਟੀ ਨੇ ਸ਼ੱਕ ਦੇ ਅਧਾਰ 'ਤੇ ਉਕਤ ਦੋਵਾਂ ਵਿਅਕਤੀਆਂ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਦੀ ਮੁਢਲੀ ਪੁੱਛਗਿੱਛ ਦੇ ਦੌਰਾਨ ਇਨ੍ਹਾਂ ਵਿਅਕਤੀਆਂ ਦੀ ਪਹਿਚਾਣ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਮੱਖਣ ਸਿੰਘ ਵਾਸੀ ਚੱਕ ਮੰਨੇਵਾਲਾ (ਸ਼ਹੀਦ ਭਗਤ ਸਿੰਘ ਨਗਰ) ਅਤੇ ਸੁਰਜੀਤ ਸਿੰਘ ਪੁੱਤਰ ਜਰਨੈਲ ਸਿੰਘ ਉਰਫ ਜੈਲਾ ਵਾਸੀ ਪੀਰੇਕੇ ਵਜੋਂ ਹੋਈ। ਪੁਲਸ ਵੱਲੋਂ ਇਨ੍ਹਾਂ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਵੱਲੋਂ ਧਰਨਾ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੀ ਮੀਟਿੰਗ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ। ਇਸ ਮੌਕੇ ਐਸੋਸੀਏਸ਼ਨ ਦੇ ਜ਼ੋਨ ਇੰਚਾਰਜ ਗੁਰਮੀਤ ਸਿੰਘ ਮਹਿਤਾ ਅਤੇ ਜ਼ਿਲ੍ਹਾ ਪ੍ਰਧਾਨ ਦੀਪਕ ਕੁਮਾਰ ਚੁੱਘ ਨੇ ਦੱਸਿਆ ਕਿ 3 ਦਸੰਬਰ 12 ਵਜੇ ਤੋਂ 3 ਵਜੇ ਤੱਕ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਸ੍ਰੀ ਮੁਕਤਸਰ ਸਾਹਿਬ ਦੇ ਦਫਤਰ ਸਾਹਮਣੇ ਮੁਅੱਤਲ ਸਾਥੀ ਪਲਵਿੰਦਰ ਸਿੰਘ ਨੂੰ ਬਹਾਲ ਕਰਵਾਉਣ ਸਬੰਧੀ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਫਰੀਦਕੋਟ, ਮੋਗਾ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਸਮੂਹ ਵੈਟਰਨਰੀ ਇੰਸਪੈਕਟਰ ਸ਼ਾਮਲ ਹੋਣਗੇ।

ਲਛਮਣ ਦਾਸ ਇੰਸਾਂ ਨੇ ਖੱਟਿਆ ਸਰੀਰਦਾਨੀ ਹੋਣ ਦਾ ਮਾਣ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਡੇਰਾ ਸੱਚਾ ਸੌਦਾ ਦੀਆਂ ਪਵਿੱਤਰ ਸਿੱਖਿਆਵਾਂ 'ਤੇ ਚਲਦਿਆਂ ਡੇਰਾ ਪ੍ਰੇਮੀ ਲਛਮਣ ਦਾਸ ਇੰਸਾਂ ਪੰਜਾਬ ਬਿਜਲੀ ਬੋਰਡ ਦੇ ਜੇ ਈ ਵਾਸੀ ਲੌਂਗੋਵਾਲ ਦੇ ਪਰਵਾਰ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤਾ। ਡੇਰਾ ਸੱਚਾ ਸੌਦਾ ਦੀ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਫੋਰਸ ਦੀ ਮੌਜੂਦਗੀ 'ਚ ਪ੍ਰੇਮੀ ਲਛਮਣ ਦਾਸ ਇੰਸਾਂ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਪਰਵਾਰ ਦੀ ਮੌਜੂਦਗੀ 'ਚ ਅਕਾਸ਼ ਗੁੰਜਾਊ ਨਾਅਰੇ ਲਛਮਣ ਦਾਸ ਇੰਸਾਂ ਅਮਰ ਰਹੇ, ਫੁੱਲਾਂ ਨਾਲ ਸ਼ਿੰਗਾਰੀ ਐਂਬੂਲੈਂਸ ਨਗਰ ਕੌਂਸਲ ਦੇ ਜੇ ਈ ਸਹਾਰਾ ਕਲ

page-6-3-DEC-2023-G-(BV).qxd 12/2/2023 11:21 PM Page 1

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਬਾਰ ਐਸੋਸੀਏਸ਼ਨ ਨੰਗਲ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ

ਭਲਾਣ, (ਹਰਭਜਨ ਢਿੱਲੋਂ) ਰਮੇਸ਼ ਕੁਮਾਰੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪਨਗਰ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਰੂਪਨਗਰ ਨੇ ਕੋਰਟ ਕੰਪਲੈਕਸ, ਨੰਗਲ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਨਾਲ ਬੈਠਕ ਕੀਤੀ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ ਵੱਲੋਂ ਬਾਰ ਐਸੋਸੀਏਸ਼ਨ ਨੰਗਲ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ। ਬੀਬੀਐਮਬੀ ਹਸਪਤਾਲ ਦੀ ਮੈਡੀਕਲ ਟੀਮ ਮੌਕੇ 'ਤੇ ਹਾਜ਼ਰ ਰਹੀ। ਬਰਿੰਦਰ ਸਿੰਘ ਰਮਣਾ ਵਧੀਕ ਸੈਸ਼ਨ ਜੱਜ-ਸਹਿਤ-ਪ੍ਰਿੰਸੀਪਲ ਜੱਜ ਫੈਮਿਲੀ ਕੋਰਟ, ਹਿਮਾਂਸ਼ੀ ਗਲਹੋਤਰਾ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਨਿਧੀ ਸੈਣੀ, ਐਸ.ਡੀ.ਜੇ.ਐਮ ਨੰਗਲ, ਸਵੇਤਾ ਠਾਕੁਰ ਜੇ.ਐਮ.ਆਈ.ਸੀ ਨੰਗਲ ਅਤੇ ਅਨਮਜੋਤ ਕੌਰ ਐਸ.ਡੀ.ਐਮ, ਨੰਗਲ ਹਾਜਰ ਸਨ। ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪਨਗਰ ਨੇ ਖੂਨਦਾਨ ਕੈਂਪ ਦਾ ਉਦਘਾਟਨ ਕੀਤਾ ਅਤੇ ਖੂਨਦਾਨੀਆਂ ਨੂੰ ਤਗਮੇ ਦੇ ਕੇ ਉਤਸ਼ਾਹਿਤ ਕੀਤਾ।

ਉਨ੍ਹਾਂ ਬਾਰ ਐਸੋਸੀਏਸ਼ਨ ਨੰਗਲ ਅਤੇ ਖੂਨਦਾਨੀਆਂ ਦੀ ਪ੍ਰਸੰਸਾ ਕੀਤੀ, ਜਿਨ੍ਹਾਂ ਨੇ ਖੂਨਦਾਨ, ਪ੍ਰਚਾਰ ਅਤੇ ਪ੍ਰੇਰਨਾ ਦੇ ਨਿਰਸਵਾਰਥ ਕਾਰਜ ਰਾਹੀਂ ਖੂਨਦਾਨ ਕੈਂਪ ਨੂੰ ਸਫਲ ਬਣਾਇਆ। ਇਸ ਕੈਂਪ ਵਿੱਚ ਨਵਦੀਪ ਸਿੰਘ ਹੀਰਾ, ਦੀਪਕ ਚੰਦੇਲ, ਉਮੇਸ਼ ਬੈਂਸ, ਮੋਨਿਕਾ ਸ਼ਰਮਾ, ਸ਼ਿਵ ਕੁਮਾਰ ਅਤੇ ਹੋਰ ਵਕੀਲਾਂ ਨੇ ਕੈਂਪ ਵਿੱਚ ਸ਼ਿਰਕਤ ਕੀਤੀ। ਕੈਂਪ ਵਿੱਚ ਵਲੰਟੀਅਰਾਂ, ਵਕੀਲਾਂ (ਪੁਰਸ਼ ਅਤੇ ਔਰਤ ਦੋਵੇਂ), ਅਦਾਲਤ ਦੇ ਕਰਮਚਾਰੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ 40 ਤੋਂ ਵੱਧ ਲੋਕਾਂ ਨੇ ਖੂਨਦਾਨ ਕੀਤਾ।

ਹਿਮਾਂਸ਼ੀ ਗਲਹੋਤਰਾ ਸੀ.ਜੇ.ਐਮ ਨੇ ਬੀਬੀਐਮਬੀ ਹਸਪਤਾਲ ਦੀ ਸਾਰੀ ਮੈਡੀਕਲ ਟੀਮ ਅਤੇ ਬਾਰ ਐਸੋਸੀਏਸ਼ਨ ਨੰਗਲ ਦੇ ਵਕੀਲਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਖੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਖੂਨਦਾਨੀਆਂ, ਕਚਹਿਰੀ ਦੇ ਕਰਮਚਾਰੀਆਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਖੂਨ ਦੇ ਇਕੱਠੇ ਕੀਤੇ ਯੂਨਿਟ ਸਿਹਤ ਸੰਭਾਲ ਸਹੂਲਤਾਂ ਅਤੇ ਖੂਨ ਦੀ ਫੌਰੀ ਅਤੇ ਸਖਤ ਲੋੜ ਵਾਲੇ ਵਿਅਕਤੀਆਂ ਨੂੰ ਖਾਸ ਤੌਰ 'ਤੇ ਲਾਭ ਪਹੁੰਚਾਉਣਗੇ ਜਦੋਂ ਕਿ ਡੇਂਗੂ ਦੇ ਬਹੁਤ ਸਾਰੇ ਕੇਸ ਸਾਹਮਣੇ ਆ ਰਹੇ ਹਨ ਅਤੇ ਕਈ ਵਾਰ ਗੰਭੀਰ ਡੇਂਗੂ ਦੇ ਮਰੀਜਾਂ ਅਤੇ ਗਰਭਵਤੀ ਔਰਤਾਂ ਲਈ ਹੰਗਾਮੀ ਸਥਿਤੀਆਂ ਵਿੱਚ ਖੂਨ ਦੀ ਲੋੜ ਹੁੰਦੀ ਹੈ। ਉਨ੍ਹਾਂ ਨੇ ਸਾਰਿਆਂ ਨੂੰ ਮਨੁੱਖਤਾ ਦੀ ਸੇਵਾ ਕਰਨ ਵਾਲੀਆਂ ਪਹਿਲਕਦਮੀਆਂ ਦਾ ਸਮਰਥਨ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤਹਿਸੀਲਦਾਰ ਸੰਦੀਪ ਕੁਮਾਰ, ਸੀਨੀਅਰ ਮੈਡੀਕਲ ਅਫਸਰ ਨਰੇਸ਼ ਕੁਮਾਰ ਹਾਜ਼ਰ ਸਨ।

ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਪ੍ਰਭਾਤ ਫੇਰੀ ਦਾ ਆਯੋਜਨ

ਖਰੜ, ਐੱਸ ਏ ਐੱਸ ਨਗਰ : (ਹਰਨਾਮ ਸਿੰਘ ਡੱਲਾ, ਗੁਰਜੀਤ ਬਿੱਲਾ) ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬੁੱਢਾ ਦਲ ਦੇ ਸੱਤਵੇਂ ਜੱਥੇਦਾਰ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਧੰਨ ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਜਨਮ ਦਿਹਾੜੇ ਦੀ ਖੁਸ਼ੀ 'ਚ ਵਿਸ਼ਾਲ ਪ੍ਰਭਾਤ ਫੇਰੀ ਦਾ ਆਯੋਜਨ ਕੀਤਾ ਗਿਆ। ਇਹ ਪ੍ਰਭਾਤ ਫੇਰੀ ਨਿਤਨੇਮ ਦੀ ਅਰਦਾਸ ਉਪਰੰਤ ਸਵੇਰੇ 5:30 ਵਜੇ ਅਰੰਭ ਹੋ ਕੇ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਦੇ ਅਸਥਾਨ ਹੰਸਾਲੀ ਖੇੜਾ (ਫਤਹਿਗੜ੍ਹ ਸਾਹਿਬ) ਵਿਖੇ ਸਮਾਪਤ ਹੋਈ। ਇਸ ਪ੍ਰਭਾਤ ਫੇਰੀ ਵਿੱਚ ਇਲਾਕੇ ਦੀਆਂ ਕਈ ਉੱਘੀਆਂ ਸਖਸ਼ੀਅਤਾਂ ਵਿਸ਼ੇਸ਼ ਤੌਰ 'ਤੇ ਪਹੁੰਚੀਆਂ ਹੋਈਆਂ ਸਨ।

ਇਸ ਪ੍ਰਭਾਤ ਫੇਰੀ 'ਚ ਕੀਰਤਨੀ ਜਥੇ ਕੀਰਤਨ ਕਰਕੇ ਸੰਗਤਾਂ ਨੂੰ ਹਰਿ ਜਸ ਸਰਵਣ ਕਰਵਾ ਰਹੇ ਸਨ। ਰਸਤੇ 'ਚ ਸੰਗਤਾਂ ਵੱਲੋਂ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਸੰਤ ਬਾਬਾ ਪਰਮਜੀਤ ਸਿੰਘ ਹੰਸਾਲੀ ਵਾਲਿਆਂ ਨੇ ਉਚੇਚੇ ਤੌਰ 'ਤੇ ਪ੍ਰਭਾਤ ਫੇਰੀ 'ਚ ਆਉਣ ਵਾਲੀਆਂ ਸੰਗਤਾਂ ਦੇ ਦਰਸ਼ਨ ਕੀਤੇ। ਇਸ ਮੌਕੇ ਪ੍ਰਬੰਧਕੀ ਕਮੇਟੀ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ ਦੇ ਬੁਲਾਰੇ ਨੇ ਦੱਸਿਆ ਕਿ ਧੰਨ-ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਦਾ ਜਨਮ ਦਿਹਾੜਾ 3 ਦਸੰਬਰ ਨੂੰ ਇਸ ਅਸਥਾਨ 'ਤੇ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾ ਰਿਹਾ ਹੈ।

ਦੇਰ ਰਾਤ ਨੂੰ ਕੀਤੀ ਜਾਂਦੀ ਆਤਿਸ਼ਵਾਜੀ ਤੋਂ ਸ਼ਹਿਰ ਵਾਸੀ ਪ੍ਰੇਸ਼ਾਨ

ਖਰੜ : (ਹਰਨਾਮ ਸਿੰਘ ਡੱਲਾ) ਖਰੜ ਸ਼ਹਿਰ ਦੀ ਮਾਤਾ ਗੁਜਰੀ ਇਨਕਲੇਵ, ਸਵਰਾਜ ਨਗਰ, ਵੈਸਟਨ ਹੋਮ, ਈਕੋ ਸਿਟੀ, ਅਮਨ ਸਿਟੀ, ਦਸ਼ਮੇਸ਼ ਨਗਰ ਅਤੇ ਸੰਨੀ ਇਨਕਲੇਵ ਦੇ ਨਿਵਾਸੀ ਇਸ ਗੱਲੋਂ ਪ੍ਰੇਸ਼ਾਨ ਹਨ ਕਿ ਸੰਨੀ ਇਨਕਲੇਵ ਇਲਾਕੇ 'ਚ ਅੱਧੀ ਅੱਧੀ ਰਾਤ ਸਮੇਂ ਕੋਈ ਮਨਚਲਾ ਬੇ-ਵਜਾ ਆਤਿਸ਼ਵਾਜੀ ਕਰਕੇ ਲੋਕਾਂ ਦੀ ਨੀਂਦ ਹਰਾਮ ਕਰਦਾ ਆ ਰਿਹਾ ਹੈ। ਜਿਸ ਕਰਕੇ ਇਸ ਵੱਡੇ ਸ਼ਹਿਰ ਦੀ ਬਹੁਤੀ ਆਬਾਦੀ ਬੇ-ਅਰਾਮ ਹੋ ਜਾਂਦੀ ਹੈ। ਜਿਸ ਸੰਬੰਧੀ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਸੈਕਟਰ 123 ਦੇ ਪ੍ਰਧਾਨ ਕੰਵਲਜੀਤ ਸਿੰਘ, ਗਦਰੀ ਬਾਬੇ ਵਿਚਾਰਧਾਰਕ ਮੰਚ ਖਰੜ ਦੇ ਜਨਰਲ ਸਕੱਤਰ ਸੰਤਵੀਰ, ਡੈਮੋਕ੍ਰੇਟਿਕ ਰੈਜੀਡੈਂਟ ਐਸੋਸੀਏਸ਼ਨ ਖਰੜ ਦੇ ਪ੍ਰਧਾਨ ਮਲਕੀਅਤ ਸਿੰਘ ਰਾਣਾ ਅਤੇ ਮੀਤ ਪ੍ਰਧਾਨ ਰਾਮ ਸਿੰਘ, ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਦੇ ਪ੍ਰਧਾਨ ਮਹਿੰਦਰ ਰਾਮ ਪਾਲ ਨੇ ਇਸ ਪੱਤਰ ਪ੍ਰੇਰਕ ਨਾਲ ਗੱਲ ਕਰਦਿਆਂ ਕਿਹਾ ਕਿ ਇੱਕ ਮਨਚਲਾ ਹਰ ਮਹੀਨੇ ਬਿਨਾਂ ਵਜ੍ਹਾ, ਕਦੇ ਵੀ, ਕਈ ਕਈ ਵਾਰ ਧਮਾਕੇ ਕਰ ਕੇ ਲੋਕਾਂ ਨੂੰ ਉਨੀਂਦੇ ਰਹਿਣ ਲਈ ਮਜ਼ਬੂਰ ਕਰਦਾ ਹੈ।

ਇਸ ਨਾਲ ਬਿਮਾਰੀਆਂ ਤੋਂ ਪੀੜਤ ਮਰੀਜ਼, ਸੀਨੀਅਰ ਸਿਟੀਜਨ, ਬੱਚਿਆਂ ਅਤੇ ਆਹਲਣਿਆਂ 'ਚ ਆਰਾਮ ਕਰਦੇ ਪੰਛੀਆਂ ਅਤੇ ਪਸ਼ੂਆਂ ਨੂੰ ਉਸ ਮਨਚਲੇ ਦੀ ਬੇਸਮਝੀ ਕਰਕੇ ਖਮਿਆਜ਼ਾ ਭੁਗਤਣਾ ਪੈਂਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਸਥਾਨਕ ਪੁਲਸ ਵੱਲੋਂ ਵੀ ਇਸ ਆਵਾਜ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

ਸ਼ਹਿਰ ਦੇ ਦਾਨਸਵਰਾ ਮਦਨ ਲਾਲ ਜਨਾਗਲ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਹਵਾਰਾ, ਜੋਗਿੰਦਰ ਸਿੰਘ ਮਾਨਖੇੜੀ, ਅਵਤਾਰ ਸਿੰਘ ਚੱਕਲਾਂ, ਬਾਪੂ ਸ਼ੇਰ ਸਿੰਘ ਕਟਾਣੀ, ਹਰਮਿੰਦਰ ਸਿੰਘ ਰੰਧਾਵਾ, ਚਰਨ ਸਿੰਘ ਕੰਗ, ਜਗਪਾਲ ਸਿੰਘ, ਹਰਬੰਸ ਸਿੰਘ ਭੱਟੀ, ਡਾਕਟਰ ਸੁਦਾਗਰ ਸਿੰਘ ਪਾਲ, ਤਰਕਸ਼ੀਲ ਆਗੂ ਪੀ ਪੀ ਸਿੰਘ ਅਤੇ ਗੁਰਮੇਲ ਸਿੰਘ ਧਾਲੀਵਾਲ ਨੇ ਸਥਾਨਕ ਪ੍ਰਸਾਸਨ ਅਤੇ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਖਰੜ ਸ਼ਹਿਰ 'ਚ ਹੁੰਦੇ ਸ਼ੋਰ ਪ੍ਰਦੂਸ਼ਣ ਤੋਂ ਸ਼ਹਿਰ ਨਿਵਾਸੀਆਂ ਨੂੰ ਨਿਜਾਤ ਦਿਵਾਉਣ ਲਈ ਪਟਾਕੇ ਵਜਾਉਣ ਵਾਲੇ ਮਨ ਚੱਲੇ ਦਾ ਪਤਾ ਲਗਾ ਕੇ ਸਖਤ ਕਾਰਵਾਈ ਕੀਤੀ ਜਾਵੇ।

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਧਰਨਾ 7 ਨੂੰ

ਅੱਡਾ ਸਰਾਂ, (ਜਸਵੀਰ ਕਾਜਲ) - ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਜ਼ਿਲ੍ਹਾ -ਹੁਸ਼ਿਆਰਪੁਰ ਦੇ ਬ੍ਰਾਂਚ ਪ੍ਰਧਾਨ ਸੁਖਵਿੰਦਰ ਸਿੰਘ ਚੁੰਬਰ ਜਨਰਲ ਸਕੱਤਰ ਕੁਲਦੀਪ ਸਿੰਘ ਸੈਣੀ ਨੇ ਇਥੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ ਸਾਲਾਂ ਬੱਧੀ ਅਰਸ਼ੇ ਤੋਂ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਦੀਆ ਉਜਰਤਾਂ ਵਿੱਚ ਕਿਰਤ ਕਮਿਸ਼ਨ ਵਲੋਂ ਰਵਾਇਜ ਕੀਤੇ ਰੇਟਾਂ ਅਨੁਸਾਰ ਪਿਛਲੇ ਦੋ ਸਾਲਾਂ ਤੋਂ ਵਾਧਾ ਨਹੀਂ ਕੀਤਾ ਜਾ ਰਿਹਾ। ਇਸ ਬਾਰੇ ਸਬੰਧਿਤ ਅਧਿਕਾਰੀਆਂ ਨਾਲ ਸਮੋਂ ਸਮੋਂ ਸਿਰ ਕਈ ਵਾਰ ਮੀਟਿੰਗਾਂ ਕੀਤੀਆਂ ਗਈਆਂ ਪਰ ਕੋਈ ਵੀ ਹੱਲ ਨਹੀਂ ਨਿਕਲਿਆ. ਜਿਸਦੇ ਵਿਰੋਧ ਵਿੱਚ ਸਮੂਹ ਠੇਕਾ ਕਾਮਿਆਂ ਵਲੋਂ ਪਰਵਾਰਾਂ ਅਤੇ ਬੱਚਿਆਂ ਸਮੇਤ ਕਾਰਜਕਾਰੀ ਇੰਜੀਨੀਅਰ ਮੰਡਲ ਨੰ 1 ਹੁਸ਼ਿਆਰਪੁਰ ਦੇ ਦਫਤਰ ਮੋਹਰੇ 7 ਦਸੰਬਰ ਨੂੰ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਦਸੂਹਾ ਤਲਵਾੜਾ ਮੁਕੇਰੀਆਂ ਵਲੋਂ ਵੀ ਪਰਵਾਰਾਂ ਅਤੇ ਬੱਚਿਆਂ ਸਮੇਤ ਸ਼ਮੂਲੀਅਤ ਕੀਤੀ ਜਾਵੇਗੀ।

ਪੱਖੋਵਾਲ ਕੁੱਲੀਆਂ ਨੇੜੇ ਬਣੀ ਪੁਲੀ ਦੀ ਹਾਲਤ ਖਸਤਾ, ਲੋਕਾਂ 'ਚ ਰੋਸ

ਗੁਰਦਾਸਪੁਰ (ਜਨਕ ਮਹਾਜਨ)-ਬੇਟ ਖੇਤਰ ਦੇ ਪਿੰਡ ਪੱਖੋਵਾਲ ਕੁੱਲੀਆਂ ਨੇੜੇ ਬਣੀ ਪੁਲੀ ਦੀ ਅਣਦੇਖੀ ਕਾਰਨ ਇਲਾਕਾ ਵਾਸੀਆਂ ਵਿਚ ਸਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਦੱਸਿਆ ਕਿ ਪਿੰਡ ਕੋਟਭੱਲਾ ਤੋਂ ਪੱਖੋਵਾਲ ਕੁੱਲੀਆਂ ਨੂੰ ਜਾਣ ਵਾਲੀ ਲਿੰਕ ਸੜਕ 'ਤੇ ਪਿੰਡ ਪੱਖੋਵਾਲ ਨੇੜੇ ਸੜਕ ਥੱਲਿਓਂ ਪਾਣੀ ਦੇ ਨਿਕਾਸ ਲਈ ਇਕ ਪੁਲੀ ਬਣੀ ਹੈ ਜਿਸ ਦੀ ਰੇਲਿੰਗ ਨੂੰ ਵੀ ਜੰਗਲੀ ਬੂਟੀ ਨੇ ਘੇਰ ਰੱਖਿਆ ਹੈ ਅਤੇ ਇਹ ਪੁਲੀ ਲਗਭਗ ਬੰਦ ਹੈ ਜਿਸ ਕਾਰਨ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਨਹੀਂ ਹੁੰਦਾ ਅਤੇ ਵਰਖਾ ਦਾ ਪਾਣੀ ਲੋਕਾਂ ਦੇ ਖੇਤਾਂ ਵਿਚ ਹੀ ਖੜ੍ਹਾ ਰਹਿੰਦਾ ਹੈ ਅਤੇ ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ। ਇਹ ਸਭ ਕੁਝ ਸਬੰਧਿਤ ਵਿਭਾਗ ਦੀ ਅਣਦੇਖੀ ਕਾਰਨ ਹੋ ਰਿਹਾ ਹੈ। ਲੋਕਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਤੇ ਡਰੇਨਜ ਵਿਭਾਗ ਪਾਸੋਂ ਮੰਗ ਕੀਤੀ ਕਿ ਇਸ ਪੁਲੀ ਦੇ ਆਲੇ-ਦੁਆਲੇ ਉੱਗੀ ਜੰਗਲੀ ਘਾਹ ਬੂਟੀ ਸਾਫ਼ ਕਰਵਾ ਕੇ ਪੁਲੀ ਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਹੋ ਸਕੇ।

ਸਾਧੂਚੱਕ ਮੋੜ ਨਜ਼ਦੀਕ ਵਗਦੇ ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਰਕੇ ਲੋਕ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ 'ਤੇ ਪੈਂਦੇ ਪਿੰਡ ਸਾਧੂਚੱਕ ਮੋੜ ਨਜ਼ਦੀਕ ਸੜਕ ਵਿਚਕਾਰੋਂ ਵਗਦੇ ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਰਕੇ ਇਥੇ ਹਰ ਸਮੇਂ ਗੰਦਗੀ ਦੀ ਭਰਮਾਰ ਰਹਿੰਦੀ ਹੈ। ਇਸ ਸੇਮ ਨਾਲੇ ਵਿਚ ਲੰਬੀ-ਲੰਬੀ ਘਾਹ ਤੇ ਜੜ੍ਹੀ ਬੂਟੀ ਉੱਗੀ ਪਈ ਹੈ ਜਿਸ ਕਰਕੇ ਵਰਖਾ ਦਿਨਾਂ ਵਿਚ ਪਾਣੀ ਦਾ ਸਹੀ ਨਿਕਾਸ ਨਹੀਂ ਹੁੰਦਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਦੱਸਿਆ ਕਿ ਇਕ ਪਾਸੇ ਤਾਂ ਸਰਕਾਰ ਵਲੋਂ ਮਲੇਰੀਆ ਤੋਂ ਬਚਣ ਲਈ ਲੋਕਾਂ ਨੂੰ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਕੈਂਪਾਂ ਰਾਹੀਂ ਜਾਗਰੂਕ ਕੀਤਾ ਜਾ ਰਿਹਾ ਹੈ ਪਰ ਦੂਸਰੇ ਪਾਸੇ ਡਰਨੇਜ ਵਿਭਾਗ ਵਲੋਂ ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਸਮੇਂ ਸਿਰ ਨਾ ਕਰਨ ਕਰਕੇ ਹਰ ਸਮੇਂ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਚਿੰਤਾ ਜ਼ਾਹਿਰ ਕੀਤੀ ਕਿ ਜੇਕਰ ਨਾਲੇ ਵਿਚ ਖੜੇ ਪਾਣੀ ਅਤੇ ਉੱਗੀ ਜੜ੍ਹੀ ਬੂਟੀ ਦੀ ਸਫ਼ਾਈ ਨਾ ਹੋਈ ਤਾਂ ਬਰਸਾਤਾਂ ਦੇ ਦਿਨਾਂ ਵਿਚ ਹਾਲਾਤ ਹੋਰ ਵੀ ਮਾੜੇ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਇਹ ਸੇਮ ਨਾਲਾ ਪਿੱਛੋਂ ਨਹਿਰ ਅਪਰ ਬਾਰੀ ਦੁਆਬ ਤੋਂ ਗਾਜ਼ੀਕੋਟ ਪੁਲ ਵਲੋਂ ਆਉਂਦਾ ਹੋਇਆ ਪਿੰਡ ਸਾਹੋਵਾਲ ਰਾਹੀਂ ਪਿੰਡ ਸਾਧੂਚੋਕ ਵਾਲੇ ਪਾਸੇ ਨੂੰ ਚਲਾ ਜਾਂਦਾ ਹੈ। ਲੋਕਾਂ ਦੱਸਿਆ ਕਿ ਇਸ ਸੇਮ ਨਾਲੇ ਵਿਚ ਹਰ ਸਮੇਂ ਗੰਦਗੀ ਦੀ ਭਰਮਾਰ ਰਹਿੰਦੀ ਹੈ। ਇਲਾਕਾ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਇਸ ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਕਰਵਾਈ ਜਾਵੇ ਤਾਂ ਜੋ ਪਾਣੀ ਦਾ ਨਿਕਾਸ ਸਹੀ ਤਰੀਕੇ ਨਾਲ ਹੋ ਸਕੇ।

Court Notice

(U/o 5 Rule 20 CPC)
In the Court of
Ms. Prabhjot Kaur
Additional Civil Judge
(Senior Division) Hoshiarpur
CNR No. PBHO02-001830-2023
Next Date : 10.01.2024
Satya Prakash Tiwari S/o Baleshwar Tiwari S/o Harbans Singh R/o Flat No A-204, Aditya Garden City on 2nd Floor Type-3, Plot No. 6/GH-4, Sector-6, Vasundhara, Ghaziabad, Uttar Pradesh and Another
Vs.
General Public and ors.
Suit for declaration
Publication issued to : General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.01.2024 at 10.00 a.m.
For details logon to https://highcourtchd.gov.in/?trs=district notice & district=Hoshiarpur
Additional Civil Judge (Senior Division) Hoshiarpur
Dated, this day of 01.12.2023

Court Notice

(U/o 5 Rule 20 CPC)
In the Court of
Sh. Vineet Kumar Narang
Additional Principal Judge Family Court-II, Jalandhar.
GW/128/2019
CNR No. PBJL01-003827-2019
Next Date : 15.12.2023
Rishu Gupta W/o Sunil K. Gupta D/o Avash Paul Address : 26, Sunshine Vally, Opp. Moti Bagh, Ladhewali Road, Jalandhar.
V/s
(1) Sunil Kumar Gupta S/o Sheo Shankar Ram Address : A1 -401, Snn, Raj Serenity Apartment Yellenahalli, Begur Koppa Road, Bangalore 76. (2) General Public
Address : General Public
Appointment the Petitoner as Guardian of minor son Vikram Gupta R/o H.No. 26, Sunshine Valleyy Ladhewali Jalandhar.
Publication issued to : General Public , General Public
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 15.12.2023 at 10.00 a.m.
For details logon to https://highcourtchd.gov.in/?trs=district notice & district=Jalandhar
Additional Principal Judge Family Court-II, Jalandhar
Dated, this day of 02.12.2023

Court Notice

In the Court of Sh. Sumer Singh Gujjar, I.A.S. Financial Commissioner (Appeal) Punjab, Chandigarh
Public Notice
In Case ROR No. 54 of 2023 the above mentioned Cases as Per give title are Pending before this Court which relate to Petition
Titled :
Bhajan Singh & others
V/s
Gurdev Singh @ Baldev

3-Dec-PAGE-7.qxd 12/2/2023 10:57 PM Page 1

ਪੰਜਾਬ ਗੰਨਾ ਕਿਸਾਨਾਂ ਲਈ ਸਭ ਤੋਂ ਵੱਧ ਐੱਮ ਐੱਸ ਪੀ ਵਾਲਾ ਸੂਬਾ : ਕੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਮਾਨ ਸਰਕਾਰ ਵੱਲੋਂ ਗੰਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 11 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਮਾਨ ਸਰਕਾਰ ਦੇ ਇਸ ਫੈਸਲੇ ਨੂੰ ਕਿਸਾਨ ਪੱਖੀ ਅਤੇ ਮਹੱਤਵਪੂਰਨ ਕਰਾਰ ਦਿੰਦਿਆਂ 'ਆਪ' ਪੰਜਾਬ ਨੇ ਕਿਹਾ ਕਿ ਸਾਡੀ ਸਰਕਾਰ ਪਹਿਲੇ ਦਿਨ ਤੋਂ ਹੀ ਸਾਡੇ ਸੂਬੇ 'ਚ ਖੇਤੀ ਦੀ ਹਾਲਤ ਸੁਧਾਰਨ ਅਤੇ ਇਸ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਤਨਦੇਹੀ ਨਾਲ ਕੰਮ ਕਰ ਰਹੀ ਹੈ। ਸ਼ੁੱਕਰਵਾਰ ਨੂੰ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਮੀਡੀਆ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕਿਸਾਨੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਪਰ ਪਿਛਲੀਆਂ ਸਰਕਾਰਾਂ ਵੱਲੋਂ ਇਸ ਨੂੰ ਨਜ਼ਰਅੰਦਾਜ ਕੀਤਾ ਗਿਆ ਸੀ,ਜਿਨ੍ਹਾਂ ਨੇ ਕੋਈ ਅਜਿਹੀ ਨੀਤੀ ਨਹੀਂ ਬਣਾਈ ਜਿਸ ਨਾਲ ਅਸਲ ਵਿੱਚ ਸਾਡੇ ਕਿਸਾਨਾਂ ਅਤੇ ਸਾਡੇ ਸੂਬੇ ਨੂੰ ਫਾਇਦਾ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਹੁਣ ਅਜਿਹਾ ਨਹੀਂ ਹੈ, ਹੁਣ ਪੰਜਾਬ ਦੀ ਸਰਕਾਰ ਕਿਸਾਨਾਂ,ਖੇਤੀ ਅਤੇ ਸਾਡੇ ਸੂਬੇ ਦੇ ਕੁਦਰਤੀ ਸਰੋਤਾਂ ਨੂੰ ਆਪਣੇ ਸਵਾਰਥੀ ਹਿੱਤਾਂ ਤੋਂ ਉੱਪਰ ਉੱਠ ਕੇ ਤਰਜੀਹ ਦਿੰਦੀ ਹੈ। ਕੰਗ ਨੇ ਕਿਹਾ ਕਿ ਪੰਜਾਬ ਅਜਿਹਾ ਸੂਬਾ ਹੈ ਜੋ ਗੰਨਾ ਕਿਸਾਨਾਂ ਨੂੰ ਸਭ ਤੋਂ ਵੱਧ ਐਮਐਸਪੀ ਦੇ ਰਿਹਾ ਹੈ। 2 ਦਸੰਬਰ ਤੋਂ ਸਾਰੀਆਂ ਸਹਿਕਾਰੀ ਅਤੇ ਨਿੱਜੀ ਖੰਡ ਮਿੱਲਾਂ ਕੰਮ ਕਰਨਗੀਆਂ ਅਤੇ ਘੱਟੋ-ਘੱਟ 391 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਗੰਨਾ ਖਰੀਦਣਗੀਆਂ। ਪਿਛਲੇ ਸਾਲ ਮਾਨ ਸਰਕਾਰ ਨੇ ਗੰਨਾ ਕਿਸਾਨਾਂ ਨੂੰ 380 ਰੁਪਏ ਪ੍ਰਤੀ ਕੁਇੰਟਲ ਦਾ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਸੀ ਜੋ ਕਿ ਸਭ ਤੋਂ ਵੱਧ ਕੀਮਤ ਸੀ। ਕੰਗ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਗੰਨਾ ਕਾਸਤਕਾਰ ਆਪਣੀ ਫਸਲ ਦਾ ਵਾਜਬ ਭਾਅ ਲੈਣ ਲਈ ਦਿਨ-ਦਿਹਾੜੇ ਧਰਨੇ-ਮੁਜਾਹਰੇ ਕਰਦੇ ਸਨ ਪਰ ਫਿਰ ਵੀ ਸਰਕਾਰੀ ਅਤੇ ਪ੍ਰਾਈਵੇਟ ਮਿੱਲਾਂ ਦੇ ਬਕਾਏ ਬਕਾਇਆ ਪਏ ਹਨ। ਸਾਡੀ ਸਰਕਾਰ ਬਣਨ ਤੋਂ ਤੁਰੰਤ ਬਾਅਦ ਅਸੀਂ ਗੰਨਾ ਕਾਸਤਕਾਰਾਂ ਦੇ ਸਾਰੇ ਬਕਾਏ ਕਲੀਅਰ ਕਰ ਦਿੱਤੇ ਅਤੇ ਪ੍ਰਾਈਵੇਟ ਮਿੱਲਾਂ ਨੂੰ ਵੀ ਅਜਿਹਾ ਕਰਨ ਦੀ ਹਦਾਇਤ ਕੀਤੀ ਜਾਂ ਕਾਰਵਾਈ ਕੀਤੀ ਜਾ ਰਹੀ ਹੈ। ਕੰਗ ਨੇ ਕਿਹਾ ਕਿ ਮਾਨ ਸਰਕਾਰ ਕਿਸਾਨ ਪੱਖੀ ਸਰਕਾਰ ਹੈ। ਅਸੀਂ ਕਿਸਾਨਾਂ ਦੇ ਬਕਾਇਆ ਕਲੀਅਰ ਕੀਤੇ ਹਨ ਅਤੇ ਅਸੀਂ ਆਪਣੇ ਕਿਸਾਨਾਂ ਲਈ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਲਗਾਤਾਰ ਫੈਸਲੇ ਲੈ ਰਹੇ ਹਾਂ। ਇਨ੍ਹਾਂ ਕਦਮਾਂ ਨਾਲ 'ਆਪ' ਸਰਕਾਰ 'ਤੇ ਲੋਕਾਂ ਦਾ ਭਰੋਸਾ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਫਸਲੀ ਵਿਭਿੰਨਤਾ ਪੰਜਾਬ ਲਈ ਸਮੇਂ ਦੀ ਲੋੜ ਹੈ ਅਤੇ ਗੰਨੇ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਨਾਲ ਕਿਸਾਨਾਂ ਨੂੰ ਬਦਲਵੀਂ ਫਸਲਾਂ ਵੱਲ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਹਰ ਖੇਤ ਨੂੰ ਨਹਿਰੀ ਪਾਣੀ ਦੇਣਾ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਝੋਨੇ ਤੋਂ ਇਲਾਵਾ ਹੋਰ ਫਸਲਾਂ ਹੇਠ ਵੱਧ ਰਕਬਾ ਬੀਜਣ ਨਾਲ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਜਲਦੀ ਹੀ ਨੰਬਰ ਇਕ ਸੂਬਾ ਬਣ ਜਾਵੇਗਾ।

ਖੰਡ ਮਿੱਲ ਨੂੰ ਬਿਨਾਂ ਕਿਸੇ ਦੇਰੀ ਦੇ ਚਾਲੂ ਕੀਤਾ ਜਾਵੇ : ਕਿਰਤੀ ਕਿਸਾਨ ਯੂਨੀਅਨ

ਨਵਾਂਸ਼ਹਿਰ (ਮਨੋਜ ਲਾਡੀ)-ਕਿਰਤੀ ਕਿਸਾਨ ਯੂਨੀਅਨ ਨੇ ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਦੇ ਬੋਰਡ ਆਫ ਡਾਇਰੈਕਟਰਜ ਅਤੇ ਮਿੱਲ ਦੇ ਜਨਰਲ ਮੈਨੇਜਰ ਨੂੰ ਮਿਲਕੇ ਗੰਨਾ ਮਿੱਲ ਨੂੰ ਛੇਤੀ ਚਲਾਉਣ ਦੀ ਮੰਗ ਕੀਤੀ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਨੇ ਕਿਹਾ ਕਿ ਮਿੱਲ ਚਾਲੂ ਹੋਣ ਵਿਚ ਪਹਿਲਾਂ ਹੀ ਦੇਰੀ ਹੋ ਗਈ ਹੈ ਜਿਸ ਕਾਰਨ ਕਿਸਾਨਾਂ ਵਿਚ ਭਾਰੀ ਗੁੱਸਾ ਹੈ। ਮਿੱਲ ਦੇ ਚੇਅਰਮੈਨ ਸੋਹਣ ਸਿੰਘ ਉੱਪਲ ਨੇ ਮੀਟਿੰਗ ਵਿਚ ਦੱਸਿਆ ਕਿ ਮਿੱਲ 5 ਦਸੰਬਰ ਨੂੰ ਗੰਨਾ ਪੀੜਨਾ ਸ਼ੁਰੂ ਕਰ ਦੇਵੇਗੀ। ਅੱਜ ਤੋਂ ਹੀ ਕਿਸਾਨਾਂ ਨੂੰ ਗੰਨੇ ਦੀਆਂ ਪਰਚੀਆਂ ਦੇਣ ਦਾ ਅਮਲ ਸ਼ੁਰੂ ਹੋ ਜਾਵੇਗਾ । 3 ਦਸੰਬਰ ਨੂੰ ਸ਼੍ਰੀ ਅਖੰਡ ਪਾਠ ਆਰੰਭ ਹੋਣਗੇ ਅਤੇ 5 ਦਸੰਬਰ ਨੂੰ ਸ਼੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਗੰਨੇ ਦੀ ਪਿੜਾਈ ਸ਼ੁਰੂ ਕੀਤੀ ਜਾਵੇਗੀ। ਇਸ ਮੀਟਿੰਗ ਵਿਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਢੇਸੀ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਅਤੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਕਿਹਾ ਕਿ ਅਗਰ ਮਿੱਲ ਨੂੰ ਚਲਾਉਣ ਵਿੱਚ ਆਨਾਕਾਨੀ ਕੀਤੀ ਗਈ ਤਾਂ 6 ਦਸੰਬਰ ਨੂੰ ਡਿਪਟੀ ਕਮਿਸ਼ਨਰ ਨਵਾਂਸ਼ਹਿਰ ਦਾ ਪੂਰਨ ਰੂਪ ਵਿੱਚ ਘਿਰਾਓ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਉਹਨਾਂ ਦੀ ਜਥੇਬੰਦੀ ਸਮੂਹ ਗੰਨਾ ਉਤਪਾਦਕਾਂ ਅਤੇ ਹੋਰ ਕਿਸਾਨ ਜਥੇਬੰਦੀਆਂ ਨੂੰ ਇਸ ਘਿਰਾਓ ਵਿਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕਰੇਗੀ। ਇਸ ਮੌਕੇ ਪਰਮਜੀਤ ਸਿੰਘ ਸ਼ਹਾਬਪੁਰ , ਸੁਰਿੰਦਰ ਸਿੰਘ ਮਹਿਰਮ ਪੁਰ , ਅਮਰੀਕ ਸਿੰਘ ਉੱਚੀ ਪੱਲੀ , ਰਘਬੀਰ ਸਿੰਘ , ਜਸਜਿੰਦਰ ਸਿੰਘ ਮਾਹਿਲ ਗਹਿਲਾਂ , ਅਵਤਾਰ ਸਿੰਘ , ਬਲਬੀਰ ਸਿੰਘ ਸ਼ਕੋਹਪੁਰ , ਕਰਨੈਲ ਸਿੰਘ ਉੜਾਪੜ , ਰਾਮ ਜੀ ਦਾਸ ਸਨਾਵਾ , ਜੀਵਨ , ਕਸ਼ਮੀਰ ਸਿੰਘ ਬੇਗੋਵਾਲ , ਦਿਲਬਾਗ ਸਿੰਘ ਕੋਟ ਵੀ ਹਾਜਰ ਸਨ।

ਭਗਵਾਸੀ ਦੀ 53 ਏਕੜ ਪੰਚਾਇਤੀ ਜ਼ਮੀਨ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ

ਮੋਹਾਲੀ (ਗੁਰਜੀਤ ਬਿੱਲਾ)

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇੱਥੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਹੁਣ ਤੱਕ ਸੂਬੇ ਵਿੱਚ ਕਰੀਬ 12000 ਏਕੜ ਪੰਚਾਇਤੀ ਜਮੀਨ ਨੂੰ ਨਾਜਾਇਜ ਕਬਜ਼ਿਆਂ ਤੋਂ ਮੁਕਤ ਕਰਵਾਇਆ ਹੈ। ਡੇਰਾ ਬੱਸੀ ਬਲਾਕ ਦੇ ਪਿੰਡ ਭਗਵਾਸੀ ਵਿਖੇ ਬਾਅਦ ਦੁਪਹਿਰ 53 ਏਕੜ ਪੰਚਾਇਤੀ ਜਮੀਨ ਨੂੰ ਵਿਭਾਗ ਦੇ ਅਧਿਕਾਰੀਆਂ ਵੱਲੋਂ ਨਾਜਾਇਜ ਕਬਜ਼ਿਆਂ ਤੋਂ ਮੁਕਤ ਕਰਵਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਕਬਜ਼ਿਆਂ ਵਿਰੁੱਧ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਨਿਰੰਤਰ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਪਿੰਡ ਵਿੱਚ ਕੁੱਲ 64 ਏਕੜ ਪੰਚਾਇਤੀ ਜਮੀਨ ਕਬਜੇ ਹੇਠ ਸੀ ਪਰ ਕਿਉਂਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੁੱਲ 64 ਵਿੱਚੋਂ 11 ਏਕੜ ਜਮੀਨ 'ਤੇ ਫਿਲਹਾਲ ਸਟੇਅ ਲਗਾ ਦਿੱਤੀ ਹੈ, ਇਸ ਲਈ ਬਾਕੀ ਰਹਿੰਦੀ 53 ਏਕੜ ਜਮੀਨ ਵਿਭਾਗ ਵਲੋਂ ਆਪਣੇ ਕਬਜੇ ਵਿੱਚ ਲੈ ਲਈ ਗਈ ਹੈ। ਕਬਜ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਸਫਲ ਬਣਾਉਣ ਲਈ ਵਿਭਾਗ ਦੇ ਅਧਿਕਾਰੀਆਂ ਦੀ ਸ਼ਲਾਘਾ ਕਰਦਿਆਂ ਕੈਬਿਨਟ ਮੰਤਰੀ ਨੇ ਕਿਹਾ ਕਿ ਹੁਣ ਤੱਕ ਕਰੀਬ 12000 ਏਕੜ ਜਮੀਨ ਕਬਜਿਆਂ ਤੋਂ ਮੁਕਤ ਕਰਵਾਈ ਜਾ ਚੁੱਕੀ ਹੈ, ਜਿਸ ਨਾਲ ਪੰਚਾਇਤੀ ਜਮੀਨਾਂ ਦੇ ਮਾਲੀਏ ਵਿੱਚ 50 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਕਿਉਂਕਿ ਕਬਜਾ-ਮੁਕਤ ਕਰਵਾਈਆਂ ਗਈਆਂ ਜਮੀਨਾਂ ਅੱਗੇ ਪਿੰਡ ਦੇ ਵਸਨੀਕਾਂ ਨੂੰ ਚਕੋਤੇ 'ਤੇ ਖੇਤੀ/ਵਾਹੀ ਲਈ ਦਿੱਤੀਆਂ ਗਈਆਂ ਹਨ। ਭੁੱਲਰ ਨੇ ਦੱਸਿਆ ਕਿ ਖਾਲੀ ਕਰਵਾਈ ਗਈ ਪੰਚਾਇਤੀ ਜਮੀਨ ਦੀ ਕੀਮਤ 40 ਤੋਂ 45 ਕਰੋੜ ਰੁਪਏ ਹੈ ਕਿਉਂਕਿ ਇਹ ਉਦਯੋਗਿਕ ਜੋਨ ਵਿੱਚ ਆਉਂਦੀ ਹੈ। ਕੈਬਨਿਟ ਮੰਤਰੀ ਨੇ ਪੰਚਾਇਤੀ ਜਮੀਨਾਂ ਦੇ ਕੇਸਾਂ ਨਾਲ ਨਜਿੱਠਣ ਵਾਲੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕੇਸਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕਰਨ ਤਾਂ ਜੋ ਜਮੀਨ ਵਾਪਸ ਲਈ ਜਾ ਸਕੇ ਅਤੇ ਇਹ ਪੰਚਾਇਤਾਂ ਲਈ ਆਮਦਨੀ ਦਾ ਸਰੋਤ ਬਣ ਸਕੇ। ਉਨ੍ਹਾਂ ਨੇ ਸੂਬੇ ਭਰ ਵਿੱਚ ਉਹ ਪੰਚਾਇਤੀ ਜਮੀਨਾਂ ਜੋ ਅਜੇ ਵੀ ਨਾਜਾਇਜ ਕਬਜ਼ਿਆਂ ਅਧੀਨ ਹਨ, ਦੇ ਕਾਬਜਕਾਰਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਨੂੰ ਸਵੈ-ਨਿਰਭਰ ਸੂਬਾ ਬਣਾਉਣ ਅਤੇ ਇਸ ਦੇ ਮਾਲੀਏ ਵਿੱਚ ਵਾਧਾ ਕਰਨ ਲਈ ਸੂਬਾ ਸਰਕਾਰ ਦੇ ਉਪਰਾਲੇ ਵਿੱਚ ਮਦਦ ਕਰਨ ਲਈ ਸਵੈ-ਇੱਛਾ ਨਾਲ ਪੰਚਾਇਤੀ ਜਮੀਨਾਂ ਤੋਂ ਕਬਜਾ ਛੱਡਣ। ਇਸ ਮੌਕੇ ਹਾਜਰ ਅਧਿਕਾਰੀਆਂ ਵਿੱਚ ਸੰਯੁਕਤ ਡਾਇਰੈਕਟਰ (ਸ਼ਾਮਲਾਤ ਸੈੱਲ) ਜਗਵਿੰਦਰਜੀਤ ਸਿੰਘ ਸੰਧੂ, ਐਸ.ਪੀ (ਦਿਹਾਤੀ) ਮਨਪ੍ਰੀਤ ਸਿੰਘ, ਏ.ਐਸ.ਪੀ ਡੇਰਾ ਬੱਸੀ ਸ੍ਰੀਮਤੀ ਦਰਪਨ ਆਹਲੂਵਾਲੀਆ, ਤਹਿਸੀਲਦਾਰ ਡੇਰਾ ਬੱਸੀ ਕੁਲਦੀਪ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਮਰਿੰਦਰਪਾਲ ਸਿੰਘ ਚੌਹਾਨ ਅਤੇ ਬੀ.ਡੀ.ਪੀ.ਓ ਬਲਾਕ ਡੇਰਾ ਬੱਸੀ ਰਵਨੀਤ ਕੌਰ ਮੌਜੂਦ ਸਨ।

ਏ ਟੀ ਐੱਮ ਕਾਰਡ ਬਦਲ ਕੇ ਠੱਗੀ ਕਰਨ ਵਾਲਾ ਸ਼ਾਤਿਰ ਠੱਗ ਪੁਲਸ ਗ੍ਰਿਫ਼ਤ ਤੋਂ ਬਾਹਰ

ਫਗਵਾੜਾ (ਡਾ. ਰਮਨ)- ਨਜਦੀਕੀ ਪਿੰਡ ਫਤਿਹਗੜ੍ਹ ਦੇ ਵਸਨੀਕ ਇਕ ਵਿਅਕਤੀ ਨਾਲ ਏ.ਟੀ.ਐਮ. ਤੋਂ ਪੈਸੇ ਕਢਵਾਉਣ ਸਮੇਂ ਧੋਖੇ ਨਾਲ ਏ.ਟੀ.ਐਮ. ਕਾਰਡ ਬਦਲ ਕੇ ਹਜਾਰਾਂ ਰੁਪਏ ਦੀ ਠੱਗੀ ਕਰਨ ਵਾਲਾ ਸ਼ਾਤਿਰ ਠੱਗ ਵਾਰਦਾਤ ਦੇ ਪੰਦਰਾਂ ਦਿਨ ਬਾਅਦ ਵੀ ਪੁਲਸ ਗ੍ਰਿਫ਼ਤ ਤੋਂ ਬਾਹਰ ਚਲ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਸੁਖਬੀਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਫਤਿਹਗੜ੍ਹ ਨੇ ਦੱਸਿਆ ਕਿ ਬੀਤੀ 17 ਨਵੰਬਰ ਨੂੰ ਉਹ ਫਗਵਾੜਾ ਦੇ ਜੀ.ਟੀ. ਰੋਡ ਵਿਖੇ ਇਕ ਚਿਕਨ ਕਾਰਨਰ ਦੇ ਨਜਦੀਕ ਬਣੇ ਏ.ਟੀ.ਐਮ. ਕਾਊਂਟਰ ਤੋਂ ਪੈਸੇ ਕਢਵਾਉਣ ਲਈ ਗਿਆ ਸੀ। ਇਸ ਦੌਰਾਨ ਏ.ਟੀ.ਏਮ. ਤੇ ਖੜੇ ਇਕ ਪਗੜੀ ਧਾਰੀ ਨੌਜਵਾਨ ਤੋਂ ਉਸਨੇ ਪੈਸੇ ਕਢਵਾਉਣ 'ਚ ਮੱਦਦ ਮੰਗੀ। ਜਿਸ ਨੇ ਪਾਸਵਰਡ ਤੇ ਮੋਬਾਇਲ ਨੰਬਰ ਪੁੱਛਣ ਤੋਂ ਬਾਅਦ ਧੋਖੇ ਨਾਲ ਉਸਦਾ ਏ.ਟੀ.ਐਮ. ਕਾਰਡ ਬਦਲ ਲਿਆ। ਜਿਸ ਬਾਰੇ ਉਸਨੂੰ ਉਦੋਂ ਪਤਾ ਲੱਗਾ ਜਦੋਂ ਉਸਦੇ ਮੋਬਾਇਲ ਫੋਨ 'ਤੇ ਸ਼ਾਤਿਰ ਠੱਗ ਵਲੋਂ ਉਸਦੇ ਬੈਂਕ ਖਾਤੇ ਵਿਚੋਂ 25 ਹਜਾਰ ਰੁਪਏ ਨਗਦ ਕਢਵਾਉਣ ਦਾ ਮੈਸੇਜ ਮਿਲਿਆ। ਜਦੋਂ ਉਸਨੇ ਬੈਂਕ ਜਾ ਕੇ ਪਤਾ ਕੀਤਾ ਤਾਂ ਪਤਾ ਲੱਗਾ ਕਿ ਇਕ ਸੁਨਿਆਰੇ ਦੀ ਦੁਕਾਨ ਤੋਂ 60 ਹਜਾਰ ਰੁਪਏ ਦੀ ਸੋਨੇ ਦੀ ਚੈਨ ਵੀ ਉਸਦੇ ਏ.ਟੀ.ਐਮ. ਰਾਹੀਂ ਖਰੀਦੀ ਗਈ ਹੈ। ਜਿਸ ਬਾਰੇ ਉਸਨੇ ਥਾਣਾ ਸਿਟੀ ਪੁਲਸ ਨੂੰ ਇਤਲਾਹ ਦਿੱਤੀ। ਪੁਲਸ ਨੇ ਕੇਸ ਦਰਜ ਕਰਕੇ ਸਬੰਧਤ ਸੁਨਿਆਰੇ ਤੱਕ ਪਹੁੰਚ ਕੀਤੀ ਤਾਂ ਸੁਨਿਆਰੇ ਦੀ ਦੁਕਾਨ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋਈ ਸ਼ਾਤਿਰ ਠੱਗ ਦੀ ਤਸਵੀਰ ਮਿਲ ਗਈ। ਪਰ ਬਾਵਜੂਦ ਇਸ ਦੇ ਪੁਲਸ ਹੁਣ ਤੱਕ ਉਸ ਠੱਗ ਨੂੰ ਕਾਬੂ ਨਹੀਂ ਕਰ ਸਕੀ ਹੈ। ਠੱਗੀ ਦਾ ਸ਼ਿਕਾਰ ਹੋਏ ਸੁਖਬੀਰ ਸਿੰਘ ਨੇ ਕਿਹਾ ਕਿ ਜੋ ਕੋਈ ਵੀ ਉਕਤ ਠੱਗ ਬਾਰੇ ਸੂਚਨਾ ਦੇਵੇਗਾ, ਉਸਨੂੰ ਉਹ ਆਪਣੇ ਤੌਰ 'ਤੇ 10 ਹਜਾਰ ਰੁਪਏ ਸ਼ੁਕਰਾਨੇ ਵਜੋਂ ਦੇਵੇਗਾ। ਦੂਸਰੇ ਪਾਸੇ ਜਦੋਂ ਮਾਮਲੇ ਦੀ ਤਫਤੀਸ਼ ਕਰ ਰਹੇ ਥਾਣਾ ਸਿਟੀ ਦੇ ਪੁਲਸ ਕਰਮਚਾਰੀਆਂ ਨਾਲ ਸੰਪਰਕ ਕੀਤਾ ਗਿਆ ਤਾਂ ਉਹਨਾਂ ਨੇ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ।

ਸੀ ਟੀ ਗਰੁੱਪ ਨੇ ਮਨਾਇਆ ਵਿਸ਼ਵ ਏਡਜ਼ ਦਿਵਸ

ਜਲੰਧਰ (ਸ਼ੈਲੀ ਐਲਬਰਟ)

ਵਿਸ਼ਵ ਏਡਜ਼ ਦਿਵਸ ਤੇ ਐਚਆਈਵੀ/ਏਡਜ਼ ਬਾਰੇ ਜਾਗਰੂਕਤਾ ਫੈਲਾਉਣ ਲਈ, ਸੀਟੀ ਗਰੁੱਪ ਨੇ ਹਮਦਰਦੀ ਅਤੇ ਸਮਝ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹੋਏ ਨਾਟਕ ਨੇ ਰਚਨਾਤਮਕ ਤੌਰ ਤੇ ਦਇਆ ਅਤੇ ਹਮਦਰਦੀ ਦੀ ਲੋੜ ਤੇ ਜ਼ੋਰ ਦਿੱਤਾ। ਇਹ ਰੈਲੀ ਲਾਂਬੜੀ ਪਿੰਡ ਅਤੇ ਹੋਰ ਮਹੱਤਵਪੂਰਨ ਖੇਤਰਾਂ ਵਿੱਚੋਂ ਲੰਘ ਕੇ ਵੱਖ-ਵੱਖ ਵਰਗਾਂ ਵਿੱਚ ਐੱਚ.ਆਈ.ਵੀ. ਸਬੰਧੀ ਜਾਗਰੂਕਤਾ ਫੈਲਾਈ। ਸੀਟੀ ਗਰੁੱਪ ਦੇ ਫੈਕਲਟੀ ਨੇ ਵੀ ਰੈੱਡ ਰਿਬਨ ਰੈਲੀ ਵਿੱਚ ਭਾਗ ਲਿਆ। ਅਕਾਦਮਿਕ ਦੇ ਡੀਨ ਡਾ: ਪਰਮਿੰਦਰ ਨੈਨ; ਅਰਜਨ, ਵਿਦਿਆਰਥੀ ਭਲਾਈ ਦੇ ਡੀਨ. ਪ੍ਰਿੰਸੀਪਲ ਡਾ. ਜਸਪ੍ਰੀਤ ਕੌਰ, ਫਾਰਮੇਸੀ ਵਿਭਾਗ ਦੇ. ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਪ੍ਰਿੰਸੀਪਲ ਤਰਸੇਮ ਸਿੰਘ ਹਾਜ਼ਰ ਸਨ । ਡੀਨ ਅਕਾਦਮਿਕ ਸੀਟੀ ਗਰੁੱਪ, ਡਾ. ਪਰਮਿੰਦਰ ਨੈਨ ਨੇ ਕਿਹਾ ਕਿ ਰੈੱਡ ਰਿਬਨ ਰੈਲੀ ਵਰਗੇ ਸਮਾਗਮ ਐੱਚਆਈਵੀ ਬਾਰੇ ਜਾਗਰੂਕਤਾ ਫੈਲਾਉਣ ਲਈ ਮਹੱਤਵਪੂਰਨ ਪਹਿਲਕਦਮੀ ਹਨ।ਅਜਿਹੀ ਸਮਾਜਕ ਤੌਰ 'ਤੇ ਪ੍ਰਭਾਵਸ਼ਾਲੀ ਪਹਿਲਕਦਮੀ ਵਿੱਚ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਨੂੰ ਦੇਖ ਕੇ ਇਹ ਖੁਸ਼ੀ ਦੀ ਗੱਲ ਹੈ।

ਪ੍ਰਸ਼ਾਸਨ ਨੇ ਗ੍ਰਾਮ ਪੰਚਾਇਤ ਬੇਲਾ ਦੀ ਜ਼ਮੀਨ 'ਤੇ ਕੀਤੇ ਨਜਾਇਜ਼ ਕਬਜ਼ੇ ਛੁਡਾਏ

**ਚਮਕੌਰ ਸਾਹਿਬ, (ਗੁਰਵਿ

3-Dec-PAGE-8.qxd 12/2/2023 10:57 PM Page 1

ਦੇਸ਼ ਦੇ ਅਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਨੂੰ ਸਮਰਪਿਤ
ਖਰੜ ਜ਼ਿਲ੍ਹਾ ਮੁਹਾਲੀ ਤੋਂ ਵਿਸ਼ੇਸ਼ ਸਪਲੀਮੇਂਟ

ਹਰਨਾਮ ਸਿੰਘ ਡੱਲਾ
ਪੱਤਰ ਪ੍ਰੇਰਕ
ਨਵਾਂ ਜ਼ਮਾਨਾ, ਖਰੜ
ਸੰਪਰਕ : 94177-73283 Emial : hsdalla09@gmail.com

ਦੇਸ਼ ਦੀ ਅਜ਼ਾਦੀ ਲਈ ਆਪਣੀ ਜਾਨਾਂ ਕੁਰਬਾਨ ਕਰਨ ਵਾਲੇ
ਗ਼ਦਰੀ ਬਾਬਿਆਂ ਨੂੰ ਪ੍ਰਣਾਮ

ਖਰੜ ਦੇ ਇਨਸਾਫ ਪਸੰਦ ਤੇ ਜਨਵਾਦੀ ਦਾਨਸ਼ਵਰ ਲੋਕਾਂ ਦੀ ਹਰਮਨ ਪਿਆਰੀ ਜੱਥੇਬੰਦੀ "ਗ਼ਦਰੀ ਬਾਬੇ ਵਿਚਾਰਧਾਰਕ ਮੰਚ" ਵੱਲੋਂ ਗ਼ਦਰੀ ਬਾਬਿਆਂ ਅਤੇ ਦੇਸ਼ ਦੀ ਅਜ਼ਾਦੀ ਲਈ ਜੂਝਣ ਵਾਲੇ ਸ਼ਹੀਦਾਂ ਨੂੰ ਪ੍ਰਣਾਮ! ਸਾਡੀ ਜੱਥੇਬੰਦੀ ਉਨ੍ਹਾਂ ਦੀ ਵਿਚਾਰਧਾਰਾ ਨੂੰ ਅੱਗੇ ਲਿਜਾਣ ਲਈ ਵਚਨਬੱਧ ਹੈ।

ਪੁਆਧ ਇਲਾਕੇ ਦੇ ਪ੍ਰਗਤੀਸ਼ੀਲ ਲੋਕਾਂ ਨੂੰ ਧਾਰਮਿਕ ਤੰਗ ਨਜ਼ਰੀ ਅਤੇ ਜਾਤੀਵਾਦ ਰਹਿਤ ਸਮਾਜਿਕ ਵਿਚਾਰਧਾਰਾ ਨੂੰ ਪ੍ਰਬੱਲ ਕਰਨ ਲਈ ਜੱਥੇਬੰਦੀ ਦਾ ਮੈਂਬਰ ਬਣਨ ਲਈ ਅਪੀਲ ਕੀਤੀ ਜਾਂਦੀ ਹੈ।

: ਬੇਨਤੀ ਕਰਤਾ :

ਕਰਨੈਲ ਸਿੰਘ ਜੀਤ ਸ੍ਰਪਰਸਤ	ਹਰਨਾਮ ਸਿੰਘ ਡੱਲਾ ਪ੍ਰਧਾਨ	ਗੁਰਦੇਵ ਅਰਨੀਵਾਲਾ ਸੀ. ਮੀਤ ਪ੍ਰਧਾਨ	ਸੰਤਵੀਰ ਜਨਰਲ ਸਕੱਤਰ	ਸੁਖਵਿੰਦਰ ਸਿੰਘ ਦੁਮਨਾ ਸਕੱਤਰ	ਯੋਗਰਾਜ ਖਜ਼ਾਨਚੀ	ਗੁਰਦੀਪ ਸਿੰਘ ਮੁਹਾਲੀ ਸਲਾਹਕਾਰ
ਸੁਰਿੰਦਰ ਰਸੂਲਪੁਰ ਮੈਂਬਰ	ਕੁਲਵਿੰਦਰ ਮੈਂਬਰ	ਪੀ ਪੀ ਸਿੰਘ ਮੈਂਬਰ	ਡਾ. ਕਰਨੈਲ ਸਿੰਘ ਮੈਂਬਰ	ਨੀਲੂ ਮਾਰਵਾੜੀ ਮੈਂਬਰ	ਗੁਰਮੀਤ ਸਿੰਘ ਸਿੰਗਲ ਮੈਂਬਰ	ਸੁਰਿੰਦਰ ਸਿੰਘ ਬਡਾਲਾ ਮੈਂਬਰ

ਗ਼ਦਰੀ ਬਾਬੇ ਵਿਚਾਰਧਾਰਕ ਮੰਚ, ਖਰੜ
ਸੰਪਰਕ : 94177-73283, 98149-52967, 96461-33412

ਅੰਗ੍ਰੇਜ਼ਾਂ ਵਿਰੁੱਧ ਅਜ਼ਾਦੀ ਦਾ ਜੇਹਾਦ ਛੇੜਣ ਵਾਲੇ ਜਰਨੈਲ ਬਾਬਾ ਹਨੂੰਮਾਨ ਸਿੰਘ ਜੀ ਨੂੰ ਨਮਨ ਹੈ

ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ
ਅਤੇ ਬੁੱਢਾ ਦਲ ਦੇ ਸੱਤਵੇਂ ਜੱਥੇਦਾਰ
ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ

ਦੇ ਪਵਿੱਤਰ

ਜਨਮ ਦਿਹਾੜੇ

ਦੀ ਸਮੂਹ ਦੇਸ਼ ਵਾਸੀਆਂ ਨੂੰ

ਲੱਖ ਲੱਖ ਵਧਾਈ

ਸ੍ਰ. ਰਣਬੀਰ ਸਿੰਘ ਗਰੇਵਾਲ

ਜ਼ਿਲ੍ਹਾ ਪ੍ਰੈੱਸ ਸਕੱਤਰ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਮੋਹਾਲੀ

ਪਿੰਡ ਚੁਡਿਆਲਾ ਸੂਦਾਂ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ ਸੰਪਰਕ: 99144-39104

3-Dec-Sunday.qxd 12/2/2023 10:59 PM Page 1

ਨਵਤੇਜ ਗੜ੍ਹਦੀਵਾਲ਼ਾ ਦੀਆਂ ਨਵੀਂਆਂ ਨਜ਼ਮਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 3 ਦਸੰਬਰ 2023

www.nawanzamana.in

ਕੀਮਤ 5.00 ਰੁਪਏ

ਅ ਸੇ ਅਨਾਰ ਲਿਖਾ
ਉਨਹੋਂ ਨੇ ਕਹਾ
ਆਹ! ਕਿਤਨਾ ਸੁੰਦਰ
ਜਬ ਅ ਸੇ ਅਧਿਕਾਰ ਲਿਖਾ
ਵੋ ਭੜਕ ਗਏ।

- ਜੇਸਿੰਤਾ ਕੇਰਕੇਟਾ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-29

"ਮਾਰਕਸਵਾਦ" ਸ਼ਬਦ ਦੀ ਵਰਤੋਂ ਬਾਰੇ ਏਂਗਲਜ਼ ਦੀ ਸਿਧਾਂਤਕ ਸੇਧ ਸਦਾ ਰਾਹ-ਦਸੇਰਾ ਹੈ। ਮਾਰਕਸੀ-ਦਰਸ਼ਨ ਪਦਾਰਥਵਾਦ ਹੈ। ਪਦਾਰਥਕ-ਗਤੀ ਵਿਰੋਧ ਵਿਕਾਸੀ ਹੈ। ਇਹ ਲਗਾਤਾਰ ਬਦਲਾਓ ਵਿਚ ਹੈ। ਸੋਚ ਪਦਾਰਥਕ ਹਾਲਤਾਂ ਦੀ ਉਪਜ ਹੈ। ਬਦਲੀਆਂ ਹਾਲਤਾਂ ਦੀ ਸੋਚ ਬਦਲਵੀਂ ਹੋਵੇਗੀ। ਇਸ ਲਈ ਜੋ ਪਦਾਰਥਕ ਹਾਲਤਾਂ ਵਿਚ ਬਦਲਾਓ ਹੈ, ਉਹਨਾਂ ਬਦਲੀਆਂ ਹਾਲਤਾਂ ਅਨੁਸਾਰ, ਮਨੁੱਖੀ ਸੋਚ ਹੋਵੇਗੀ, ਕਿਉਂਕਿ ਪਦਾਰਥਵਾਦ (ਦਰਸ਼ਨ) ਵਿਰੋਧ ਵਿਕਾਸੀ ਹੈ, ਇਸ ਲਈ ਨਜ਼ਰੀਆ (ਦ੍ਰਿਸ਼ਟੀਕੋਣ) ਵੀ ਵਿਰੋਧ ਵਿਕਾਸੀ ਹੋਵੇਗਾ। (ਕਿਉਂਕਿ ਪਦਾਰਥ ਗਤੀਸ਼ੀਲ ਹੈ, ਇਹ ਖੜੋਤ 'ਚ ਨਹੀਂ ਹੁੰਦੀ, ਘਟਨਾਵਾਂ ਅਤੇ ਇਤਿਹਾਸ ਨੂੰ ਬਦਲਦੇ ਰੂਪ ਵਿਚ ਦੇਖਣਾ ਹੋਵੇਗਾ)

ਪਦਾਰਥ ਦਾ ਦਵੰਦਵਾਦ ਨਾਲ ਨਾਤਾ ਸਥਾਪਤ ਕਰਨ ਦਾ ਕਾਰਜ ਕਾਰਲ ਮਾਰਕਸ ਨੇ ਕੀਤਾ ਹੋਣ ਕਾਰਨ, ਇਸ ਨੂੰ "ਮਾਰਕਸੀ-ਦਰਸ਼ਨ" ਵੀ ਸੱਦਿਆ ਜਾਂਦਾ ਹੈ। ਪਦਾਰਥਕ-ਗਤੀ ਦੇ ਬਦਲਾਓ ਨੂੰ ਜਾਨਣ, ਦੇਖਣ, ਸਮਝਣ ਦਾ ਨਜ਼ਰੀਆ, ਭਾਵ "ਮਾਰਕਸਵਾਦੀ-ਦ੍ਰਿਸ਼ਟੀਕੋਣ", 'ਵਿਰੋਧ ਵਿਕਾਸੀ ਪਦਾਰਥਵਾਦ' (Dialectical materialism) ਹੈ। ਸਟਾਲਿਨ ਦੀ ਲਿਖਤ, ਮਸ਼ਹੂਰ ਕਿਤਾਬਚਾ:

"ਵਿਰੋਧਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ" ਦੀ ਅਰੰਭਕ ਸਤਰ; ਇਸ ਨੂੰ "ਸੰਸਾਰ ਦ੍ਰਿਸ਼ਟੀਕੋਣ" ਬਿਆਨ ਕਰਦੀ ਹੈ। ["Dialectical materialism is the world outlook of the Marxist-Leninist party....its theory,is materialistic." - J.STALIN]

ਮਨੁੱਖੀ ਸਮਝ-ਸੋਝ ਲਈ, ਪਦਾਰਥ (ਹੋਂਦ) ਦੇ ਦੋ ਰੂਪ, ਭਾਗ: ਕੁਦਰਤ ਅਤੇ ਸਮਾਜ ਹਨ। ਜਿਸ ਦਾ ਵਖਰੇਵਾਂ ਨਿਰਜਿੰਦ ਅਤੇ ਜਿੰਦਾ ਹੋਂਦ ਵਜੋਂ ਕਰਦੇ ਹਾਂ। ਇਸ ਲਈ ਦ੍ਰਿਸ਼ਟੀਕੋਣ ਦੇ ਵੀ ਦੋ ਭਾਗ (ਕੁਦਰਤ ਅਤੇ ਸਮਾਜ ਬਾਰੇ) ਹਨ;

1) 'ਕੁਦਰਤ ; ਕੁਦਰਤ ਦਾ ਵਿਰੋਧ ਵਿਕਾਸ'
(Dialectics of Nature) ਅਤੇ

2)'ਸਮਾਜ' ; ਸਮਾਜਕ-ਵਿਰੋਧ ਵਿਕਾਸ; 'ਇਤਿਹਾਸ ਦਾ ਪਦਾਰਥਵਾਦੀ ਵਿਖਿਆਨ' (materialist interpretation of history) ਹੈ ।

ਇਹਨਾਂ ਦੋਵਾਂ ਭਾਗਾਂ ਵਿਚ ਵਾਪਰਦੇ ਬਦਲਾਓ ਨੂੰ ਵੇਖਣ, ਸਮਝਣ ਲਈ ਅਪਣਾਏ ਨਜ਼ਰੀਏ ਨੂੰ ਆਮ ਰੂਪ ਵਿੱਚ, "ਸੰਸਾਰ-ਦ੍ਰਿਸ਼ਟੀਕੋਣ" (World Outlook) ਨਾਂਅ ਹੇਠ ਪੜ੍ਹਿਆ, ਵਿਚਾਰਿਆ ਜਾਂਦਾ ਹੈ। ਬੜੀ ਵਾਰ ਵਿਦਵਾਨ, ਵਖਰੇਵਾਂ ਨੂੰ ਅਣਡਿੱਠ ਕਰਦਿਆਂ "ਵਿਰੋਧ ਵਿਕਾਸੀ-ਪਦਾਰਥਵਾਦ" (ਦ੍ਰਿਸ਼ਟੀਕੋਣ) ਨੂੰ ਹੀ ਫਲਸਫਾ ਸਮਝਦੇ ਅਤੇ ਬਿਆਨ ਕਰਦੇ ਹਨ। ਜਿਸ ਨਾਲ 'ਸੂਝ ਦੀ ਸਿਖਰ' ਵਿਚ ਵਿਗਾੜ ਜਨਮ ਲੈਂਦੇ ਹਨ। ਖਾਸ ਤੌਰ 'ਤੇ "ਚੇਤਨ-ਵਿਰੋਧ ਵਿਕਾਸ", ਜੋ ਵਿਚਾਰਧਾਰਕ ਅਮਲ-ਸੇਧ (Living guide to action) ਬਣਨਾ ਹੁੰਦਾ ਹੈ, ਉਹ ਨਜ਼ਰਅੰਦਾਜ਼ ਹੋ ਜਾਂਦਾ ਹੈ, ਜਿਸ ਨਾਲ ਸੂਝ ਸੁੰਗੜ ਕੇ ਆਮ ਰੂਪ ਵਿਚ ਅਮਲ-ਸੇਧ (guide to action) ਦੀ ਧਾਰਨਾ ਵਾਲਾ ਬਣ ਜਾਂਦਾ ਹੈ, ਜੋ ਬੀਤੇ ਦੇ ਵਿਖਿਆਨ ਤੱਕ ਸਿਮਟ ਜਾਂਦਾ ਹੈ। ਇਸ ਕੁਰਾਹੇ ਦਾ ਸ਼ਿਕਾਰ ਬੁਲਾਰੇ, ਲੇਖਕ, ਕੇਵਲ ਹਾਲਤਾਂ ਦੇ ਵਿਖਿਆਨ ਦਾ ਖਲਾਰਾ ਪਾਉਂਦੇ ਹਨ।

ਇਸ ਊਣੀ-ਸਮਝ ਨਾਲ ਵਿਚਾਰਧਾਰਕ ਅਮਲ, 'ਭਵਿੱਖੀ-ਵਿਰੋਧ ਵਿਕਾਸ' (ਚੇਤਨ-ਦਵੰਦਵਾਦ) ਨਹੀਂ ਰਹਿੰਦਾ। ਇਹਨਾਂ ਦੋਵਾਂ (ਦਰਸ਼ਨ ਅਤੇ ਦ੍ਰਿਸ਼ਟੀਕੋਣ) ਨੂੰ ਰਲਗੱਡ ਹੋਣ ਤੋਂ ਬਚਣਾ ਚਾਹੀਦਾ ਹੈ। ਇਨ੍ਹਾਂ ਦਾ ਰਲਗੱਡ ਹੋਣਾ, ਅਛੋਪਲੇ ਹੀ ਮੱਠੀ ਚਾਲੇ ਵੱਡੇ ਵਿਗਾੜਾਂ ਦਾ ਮੁੱਢ ਬੰਨ੍ਹ ਦਿੰਦਾ ਹੈ।

ਇਕ) ਇਹ ਫਲਸਫਾ ਹੈ ਅਤੇ ਦੂਜਾ) ਦ੍ਰਿਸ਼ਟੀਕੋਣ (Outlook) ਹੈ। ਫਲਸਫਾ ਭਾਵ ਪਦਾਰਥਵਾਦ (ਵਿਰੋਧ ਵਿਕਾਸੀ) ਹੈ। ਇਹ ਵਿਰੋਧਵਿਕਾਸ ਦੋ ਧਾਰੀ ਹੈ: ਇਕ) ਬੀਤੇ ਦੇ ਬਦਲਦੇ ਦ੍ਰਿਸ਼ ਦੀ ਅਮੂਰਤ ਧਾਰਨਾ (Outlook) ਹੈ। ਦੂਜਾ) ਭਵਿੱਖ 'ਚ ਹੋਣ ਵਾਲੇ ਦ੍ਰਿਸ਼ ਦੀ ਕਲਪਨਾ (Fantasy) ਹੈ, ਜੋ ਅਜੇ (outcome) ਹੋਣਾ-ਵਾਪਰਨਾ ਹੈ। ਇਸ ਤੱਥ ਨੂੰ ਖੋਜ ਲੈਣ ਪਿੱਛੋਂ ਮਾਰਕਸ ਨੇ ਆਪਣੇ ਮਿੱਤਰ ਏਂਗਲਜ਼ ਨੂੰ ਬੜੀ ਹਲੀਮੀ ਨਾਲ ਲਿਖਿਆ ਸੀ; (outcome) "ਵਿਰੋਧ ਵਿਕਾਸ ਕੇਵਲ ਬੀਤੇ ਦਾ ਨਹੀਂ, ਭਵਿੱਖ ਦਾ ਵੀ", ਜਿਸ ਬਾਰੇ ਏਂਗਲਜ਼ ਦੱਸਦਾ ਹੈ; 'ਮਾਰਕਸ ਤੇ ਮੈਂ ਪਹਿਲੇ ਸਾਂ, ਜਿੰਨਾ ਵਿਰੋਧ ਵਿਕਾਸ ਨਾਲੋਂ ਚੇਤਨ-ਵਿਰੋਧ ਵਿਕਾਸ ਨੂੰ ਵੱਖ ਪਹਿਚਾਣਿਆ, ਸੰਭਾਲਿਆ ਅਤੇ ਵਰਤੋਂ ਕੀਤੀ'। ਇਸ ਦਾਰਸ਼ਨਿਕ ਲੱਭਤ ਦੀ ਵਿਸ਼ੇਸ਼ਤਾ ਇਹ ਹੈ ਕਿ "ਚੇਤਨ-ਵਿਰੋਧ ਵਿਕਾਸ"

(Conscious Dialectics) ਦੀ ਸਮਝਦਾਰੀ ਬਗੈਰ, ਭਵਿੱਖੀ ਸਰਗਰਮੀ ਭਰੋਸੇਮੰਦ ਢੰਗ ਨਾਲ ਨਹੀਂ ਕੀਤੀ ਜਾ ਸਕਦੀ। ਇਸ ਲੱਭਤ ਪਿੱਛੋਂ ਮਾਰਕਸ ਨੇ ਧੜੱਲੇ ਨਾਲ ਕਿਹਾ: "ਦਾਰਸ਼ਨਿਕਾਂ ਨੇ ਹੁਣ ਤੱਕ ਸੰਸਾਰ ਦੀ ਵੱਖ-ਵੱਖ ਢੰਗਾਂ ਨਾਲ ਕੇਵਲ ਵਿਆਖਿਆ ਕੀਤੀ ਹੈ, ਜਦੋਂ ਕਿ ਨੁਕਤਾ ਹੈ ਇਸ ਨੂੰ ਬਦਲਣਾ ਕਿਵੇਂ ਹੈ"। [The philosophers have only interpreted the world in various ways,the point, however, is to change it.]

ਇਸ ਲਈ 'ਮਾਰਕਸਵਾਦੀ-ਦਰਸ਼ਨ' ਦਾ ਨਿਵੇਕਲਾ ਪੱਖ, ਬਦਲਾਓ ਦੀ ਸੇਧ; 'ਵਿਚਾਰਧਾਰਕ-ਸੇਧ' ਦਾ ਧਾਰਨੀ ਹੈ।

1) ਇਸ ਬਦਲਾਓ ਨੂੰ ਸਮਝਣ ਲਈ ਮੂਰਤ ਅਤੇ ਅਮੂਰਤ - (Concrete & Abstract) ਧਾਰਨਾਵਾਂ ਦੀ ਵਰਤੋਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਦਰਸ਼ਨ ਅਮੂਰਤ ਧਾਰਨਾਵਾਂ, ਭਾਵ "ਦਾਰਸ਼ਨਿਕ-ਧਾਰਨਾਵਾਂ" ਰਾਹੀਂ ਵਿਚਾਰਾਂ ਕਰਦਾ ਅਤੇ ਅਮਲ ਕਰਨ ਦੀ ਸੇਧ ਦਿੰਦਾ ਹੈ।

2) ਦਰਸ਼ਨ (philosophy), ਦ੍ਰਿਸ਼ਟੀਕੋਣ (outlook) ਅਤੇ ਵਿਚਾਰਧਾਰਾ (outcome/Ideology) ਇਹਨਾਂ ਤਿੰਨਾਂ ਵਿਚਲੇ ਗਹਿਰੇ ਸੰਬੰਧ ਅਤੇ ਅੰਤਰ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਇਹ ਅੰਤਰ-ਨਿਰਭਰ ਸੰਬੰਧ ਹਨ: ਫਿਲਾਸਫੀ ਦੇ ਬਦਲਾਓ ਨਾਲ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਦੋਵੇਂ ਬਦਲ ਜਾਂਦੇ ਹਨ। ਉਦਾਹਰਨ ਵਜੋਂ: ਪਦਾਰਥਵਾਦ ਦੀ ਥਾਂ "ਵਿਚਾਰਵਾਦ"

(Idealism) ਰੱਖਣ ਨਾਲ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਦੋਵੇਂ ਬਦਲ ਜਾਂਦੇ ਹਨ।

ਦਰਸ਼ਨ (philosophy) ਪ੍ਰਮੁੱਖ ਹੈ। ਇਹ (ਦਰਸ਼ਨ), ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਦਾ ਨਿਰਧਾਰਕ ਹੈ। (philosophy determines Outlook and Ideology)

ਦ੍ਰਿਸ਼ਟੀਕੋਣ ਦੀ ਸਪੱਸ਼ਟਤਾ, ਵਿਚਾਰਧਾਰਕ-ਅਮਲ ਨੂੰ ਅਡੋਲਤਾ ਦਾ ਬਲ ਮੁਹੱਈਆ ਕਰਦੀ ਹੈ।

ਵਿਚਾਰਧਾਰਕ ਅਮਲ ਦੀ ਦਰੁਸਤੀ ਦੀ ਪੁਸ਼ਟੀ ਲਈ, ਹੋਰ ਕੋਈ ਪਰਖ ਮੌਜੂਦ ਨਹੀਂ, ਸਵਾਏ ਇਸ ਦੇ ਕੇ, ਉਸ ਨੂੰ ਮੁੜ ਦਰਸ਼ਨ ਦੀ ਸੇਧ ਦੇ ਸਿਧਾਂਤ ਵੱਲ ਪਰਤਣਾ ਪੈਂਦਾ ਹੈ।

ਜੇ ਦਰਸ਼ਨ ਅਤੇ ਦ੍ਰਿਸ਼ਟੀਕੋਣ ਜਾਂ ਦਰਸ਼ਨ ਤੇ ਵਿਚਾਰਧਾਰਾ, ਇਕੋ ਸਮਝਾਂਗੇ ਤਾਂ ਦਰੁਸਤੀ ਦੀ ਪਰਖ, ਪੜਤਾਲ ਕਿਵੇਂ ਕਰਾਂਗੇ ?

ਇਹਨਾਂ ਵਿਚਲੇ ਵਖਰੇਵੇਂ ਦੀ ਮਾਰਕਸਵਾਦੀ-ਦਾਰਸ਼ਨਿਕ ਸਮਝਦਾਰੀ, ਹਾਲਤਾਂ ਦੇ 'ਵਿਸ਼ਲੇਸ਼ਨ ਅਤੇ ਸੰਸਲੇਸ਼ਨ ਦੀ ਏਕਤਾ' ਦਾ ਨੇਮ ਮੁਹੱਈਆ ਕਰਦੀ ਹੈ। ਇਸ ਵਿਰੋਧਵਿਕਾਸੀ ਨੇਮ ਬਗੈਰ ਕਿਸੇ ਵੀ ਸਾਰਥਕ ਅਮਲ ਦੀ ਪੜਚੋਲ ਅਤੇ ਸਵੈ-ਪੜਚੋਲ ਦੀ ਕਲਪਨਾ ਸੰਭਵ ਨਹੀਂ ਹੈ।

ਜੇ (ਦਰਸ਼ਨ ਦੀ ਥਾਂ) ਦ੍ਰਿਸ਼ਟੀਕੋਣ (ਵਿਰੋਧ ਵਿਕਾਸੀ-ਪਦਾਰਥਵਾਦ) ਤੋਂ ਅਗਵਾਈ ਲੈਣਾ ਅਰੰਭ ਹੋ ਜਾਵੇ (ਜਿਵੇਂ ਅੱਜ-ਕੱਲ੍ਹ ਅਕਸਰ ਖੱਬੇ ਪੱਖੀ ਚੱਲ ਰਹੇ ਹਨ) ਤਾਂ ਵਿਚਾਰਧਾਰਾ ਦੀ ਸਪੱਸ਼ਟਤਾ ਰੁਲ ਜਾਂਦੀ ਹੈ ਅਤੇ ਸਰਗਰਮੀ ਅਧਿਆਤਮਵਾਦੀ (ਚੱਕਰੀ ਗੇੜ ਵਾਲੀ) ਬਣ ਜਾਂਦੀ ਹੈ, ਜਿਸ ਨਾਲ ਅਮਲ ਦੀ ਸੇਧ ਦਾ ਦਰਸ਼ਨ ਵੀ, ਪਦਾਰਥਵਾਦ ਤੋਂ ਭਟਕ ਕੇ ਪ੍ਰਯੋਗਵਾਦ/ਪ੍ਰਤੀਕਿਰਿਆਵਾਦ ਬਣ ਜਾਂਦਾ ਹੈ। ਦਰੁਸਤ ਅਮਲੀ ਸੇਧ ਲਈ, ਦਾਰਸ਼ਨਿਕ ਪਕਿਆਈ ਜ਼ਰੂਰੀ ਹੈ। ਪਰੋਲਤਾਰੀ ਇਨਕਲਾਬ ਲਈ ਪਦਾਰਥਵਾਦ (ਦਰਸ਼ਨ) ਦੀ ਪਕਿਆਈ ਜ਼ਰੂਰੀ ਹੈ। ਇਸੇ ਲਈ ਮਾਰਕਸ ਦਾ ਕਹਿਣਾ ਹੈ ਕਿ; "ਪਦਾਰਥਵਾਦ", ਪਰੋਲਤਾਰੀਆ ਨੂੰ ਮੁਕਤੀ ਦਾ ਰੂਹਾਨੀ ਮਾਰਗ ਮੁਹੱਈਆ ਕਰਦਾ ਹੈ। ਪਰੋਲਤਾਰੀ ਇਨਕਲਾਬੀ ਅਮਲ ਵਿਚ : 'ਦਰਸ਼ਨ, ਇਨਕਲਾਬ ਦਾ ਦਿਮਾਗ ਹੈ ਅਤੇ ਪਰੋਲਤਾਰੀਆ ਉਸ ਦਾ ਦਿਲ ਹੈ'। ਇਹਨਾਂ ਦੋਵਾਂ (ਦਰਸ਼ਨ ਅਤੇ ਪਰੋਲਤਾਰੀ) ਦੀ ਅਹਿਮੀਅਤ ਘਟਾ, ਗੁਆ ਕੇ ਕੋਈ ਸਿਫਤੀ ਬਦਲਾਓ ਨਹੀਂ ਹੋ ਸਕਦਾ। ਇਨਕਲਾਬ ਕਰਨ ਲਈ ਇਹਨਾਂ ਉਤੇ ਟੇਕ ਰੱਖਣੀ ਪਵੇਗੀ। ਜਦੋਂ ਸਮਾਜਕ ਹਾਲਾਤ, ਸਮਾਜਕ ਚੇਤਨਾ ਬਣਾਉਂਦੇ ਹਨ, ਫਿਰ ਆਰਥਕ- ਸਮਾਜਕ ਹਾਲਾਤ ਤੋਂ ਮਿਲਦਾ ਹੱਲ ਹੀ ਪਰੋਲਤਾਰੀ-ਰਾਹ ਹੈ। ਇਹੀ ਵਿਚਾਰਧਾਰਕ-ਅਮਲ ਹੈ। ਇਸ ਦੇ "ਵਿਸ਼ਲੇਸ਼ਨ ਅਤੇ ਸੰਸਲੇਸ਼ਨ ਦੀ ਏਕਤਾ" ਦਾ ਸੰਵਾਦ ਜ਼ਰੂਰੀ ਹੈ।

ਇਹ ਸੰਵਾਦ; ਆਧਾਰ, ਨੀਂਹ (base) ਅਤੇ ਉਸ ਦਾ ਉਸਾਰ (Superstructure) ਵਿੱਚੋਂ ਦੀ ਅੱਗੇ ਵਧਦਾ ਹੈ। "ਆਧਾਰ-ਉਸਾਰ" ਦਾ ਦਵੰਦ, ਵਿਸ਼ੇਸ਼ ਧਿਆਨ ਮੰਗਦਾ ਹੈ। ਇਹ ਵਿਸ਼ਲੇਸ਼ਨ ਦਾ ਮੁੱਢ ਹੈ।

ਆਧਾਰ ; ਆਰਥਕ-ਸਮਾਜਕ ਹਾਲਤਾਂ ਹਨ।

ਆਰਥਕ ਭਾਵ; ਇਹ ਉਤਪਾਦਨ ਪ੍ਰਕਿਰਿਆ ਦਾ ਸਮੁੱਚ ਹੈ। ਜਿਸ ਵਿੱਚ ਸ਼ਾਮਲ ਹੈ; ਪੈਦਾ ਕਰਨ, ਵੰਡ ਅਤੇ ਵਟਾਂਦਰਾ, ਖਪਤ ਅਤੇ ਮੁੜ ਪੈਦਾ ਕਰਨ ਦਾ ਢੰਗ। ਜੋ ਪੈਦਾਵਾਰੀ ਸ਼ਕਤੀਆਂ ਅਤੇ ਸੰਬੰਧਾਂ ਦਾ ਠੋਸ (concrete), ਮੂਰਤ-ਰੂਪ ਹੈ, ਜਦੋਂ ਕਿ 'ਸਮਾਜਕ-ਸੰਬੰਧ' ਇਹਨਾਂ ਪੈਦਾਵਾਰੀ-ਸੰਬੰਧਾਂ (ਠੋਸ) ਦਾ ਅਮੂਰਤ-ਰੂਪ (Abstract-form) ਹੈ। ਜਦੋਂ ਠੋਸ-ਰੂਪ ਬਦਲ ਜਾਂਦਾ ਹੈ ਤਾਂ ਅਮੂਰਤ-ਰੂਪ ਵੀ ਬਦਲ ਜਾਂਦਾ ਹੈ।

ਜਦੋਂ ਪੈਦਾਵਾਰੀ-ਸੰਬੰਧ ਬਦਲਦੇ ਹਨ ਤਾਂ ਉਹਨਾਂ ਦਾ ਅਮੂਰਤ-ਰੂਪ, 'ਸਮਾਜਕ-ਸਬੰਧ' ਵੀ ਬਦਲ ਜਾਂਦੇ ਹਨ। ਉਲਟੇ ਰੁਖ, ਸਮਾਜਕ ਸਬੰਧ ਬਦਲਣ, ਬਿਹਤਰ ਕਰਨ ਲਈ, ਪੈਦਾਵਾਰੀ-ਸੰਬੰਧ ਬਦਲਣੇ, ਬਿਹਤਰ ਕਰਨੇ ਪੈਂਦੇ ਹਨ। ਇਹ ਜਮਾਤੀ-ਘੋਲ ਦਾ ਕੇਂਦਰ ਬਿੰਦੂ ਹੈ।

ਆਧਾਰ ਅਤੇ ਉਸਾਰ ਦਾ ਦਵੰਦ!

ਆਧਾਰ ਆਪਣੀ ਸੁਰੱਖਿਆ ਅਤੇ ਵਿਸਥਾਰ ਲਈ

ਆਪਣਾ ਉਸਾਰ-ਢਾਂਚਾ ਬਣਾਉਂਦਾ ਹੈ। ਇਹ ਉਸਾਰ ਢਾਂਚਾ ਦੋ ਭਾਤੀ; ਮੂਰਤ ਅਤੇ ਅਮੂਰਤ (concrete & abstract) ਹੁੰਦਾ ਹੈ। ਉਸਾਰ ਢਾਂਚੇ ਵਿਚ :

ਇੱਕ) ਇਹ ਮੂਰਤ-ਰੂਪ (concrete-form) ਹੈ ; ਹਕੂਮਤ (ਸਟੇਟ) ਪੁਲਸ, ਫੌਜ, ਜੇਹਲਾਂ, ਤਸ਼ੱਦਦ, ਕਾਨੂੰਨ, ਆਦਿ।

ਦੂਜਾ) ਇਹ ਅਮੂਰਤ-ਰੂਪ (abstract-form) ਹੈ;

ਵਿਚਾਰਧਾਰਾ, ਵਿਚਾਰ, ਸੱਭਿਆਚਾਰ, ਰੀਤੀ-ਰਿਵਾਜ, ਧਰਮ, ਦਰਸ਼ਨ, ਆਦਿ।

ਇਹ ਦੋਵੇਂ ਮਿਲ ਕੇ ਉਸਾਰ (Superstructure)

ਸੱਦੇ ਜਾਂਦੇ ਹਨ। ਮਾਰਕਸਵਾਦੀ ਦਾਰਸ਼ਨਿਕ ਗਿਆਨ ਦੱਸਦਾ ਹੈ ਕਿ 'ਆਧਾਰ ਵਿਚਲਾ ਬਦਲਾਓ, ਉਸਾਰ ਵਿਚ ਬਦਲਾਓ ਲੈ ਆਉਂਦਾ ਹੈ' । ਆਧਾਰ, ਉਸਾਰ ਦਾ ਸਿਰਜਕ ਹੈ। ਜਦੋਂ ਕਿ ਉਸਾਰ, ਕੇਵਲ ਆਧਾਰ ਨੂੰ ਪ੍ਰਭਾਵਤ ਕਰਦਾ ਹੈ। ਉਸ (ਆਧਾਰ) ਦੀ ਸੁਰੱਖਿਆ ਅਤੇ ਮਜ਼ਬੂਤੀ ਦਾ ਕਾਰਜ ਕਰਦਾ ਹੈ। ਉਸ ਦਾ ਸਿਰਜਕ ਨਹੀਂ ਹੈ।

ਮਾਰਕਸਵਾਦੀ ਦਾਰਸ਼ਨਿਕ ਸੇਧ ਅਨੁਸਾਰ ਪਰੋਲਤਾਰੀਆਂ ਨੇ ਆਧਾਰ ਬਦਲਣ ਲਈ ਸਰਗਰਮੀ ਕਰਨੀ ਹੁੰਦੀ ਹੈ। ਬਦਲਿਆ ਆਧਾਰ, ਬਦਲਿਆ, ਨਵਾਂ-ਉਸਾਰ ਸਿਰਜੇਗਾ। ਬਾ-ਵਜੂਦ ਇਸ ਮਾਰਕਸਵਾਦੀ ਸੇਧ ਦੇ, ਅਜਿਹੇ "ਮਾਰਕਸਵਾਦੀ" ਵੀ ਹਨ, ਜੋ ਉਸਾਰ ਰਾਹੀਂ ਆਧਾਰ ਬਦਲਣ ਦੇ ਧਾਰਨੀਏ ਅਤੇ ਪਰਚਾਰਕ ਹਨ।

ਸਰਮਾਏਦਾਰੀ ਨੇ ਕਈ ਰੂਪ ਬਦਲੇ ਹਨ, ਉਹਨਾਂ ਰੂਪਾਂ ਦੇ ਵੀ



ਆਪਣੇ ਉਚੇਰੇ ਪੜਾਅ ਹਨ। ਇਹਨਾਂ ਉਚੇਰੇ ਪੜਾਵਾਂ ਦੇ ਬਾ-ਵਜੂਦ, "ਸਰਮਾਏ ਅਤੇ ਉਜਰਤੀ-ਕਿਰਤ" ਦਾ ਭੇੜ ਅਬਦਲ ਹੈ। ਇਹ ਆਧਾਰ ਹੈ, ਉਸਾਰ ਨੇ ਇਸ ਨੂੰ ਮਜ਼ਬੂਤ ਕੀਤਾ ਹੈ। ਨਤੀਜਾ, ਉਜਰਤੀ-ਗੁਲਾਮੀ ਵਧੀ ਹੈ। ਉਤਪਾਦਨ ਤਕਨੀਕ ਵਧਣ ਨਾਲ, ਉਜਰਤੀ-ਕਿਰਤ ਦੀ ਲੋੜ ਘਟਣ ਕਰਕੇ, ਮੁਥਾਜ-ਵਸੋਂ (ਵਾਧੂ-ਵਸੋਂ) ਹੋਂਦ ਵਿਚ ਆਈ ਹੈ। ਸਰਮਾਇਆ ਦੇ "ਸਰਵ ਸ਼ਕਤੀਮਾਨ" ਹੋਣ ਦਾ ਭਰਮ ਪਾਲਿਆ ਜਾ ਰਿਹਾ ਹੈ। ਬਿਨਾਂ ਸ਼ੱਕ ਉਸ ਦੀ ਤਾਕਤ ਬਹੁਤ ਵਧੀ ਹੈ ਪਰ ਉਹ ਸਰਵ-ਸਮਰਥ ਨਹੀਂ ਹੈ। ਸਰਮਾਇਆ ਸ਼ਕਤੀ ਹੈ, ਪਰ ਜ਼ਿੰਦਾ ਕਿਰਤ ਬਗੈਰ ਉਹ ਮੁਰਦਾ ਸ਼ਕਤੀ ਹੈ। ਉਸ ਨੂੰ ਹਰਕਤ ਦੇਣ ਲਈ ਜ਼ਿੰਦਾ ਕਿਰਤ ਸ਼ਕਤੀ ਦੀ ਲੋੜ ਪੈਂਦੀ ਹੈ। ਮਾਰਕਸਵਾਦੀ ਦਾਰਸ਼ਨਿਕ ਵਿਸ਼ਲੇਸ਼ਣ ਦਾ ਨਿਰਣਾ ਹੈ ਕਿ ਉਸਾਰ ਦੇ ਖੇਤਰ ਵਿਚ ਬਦਲਾਓ ਦਾ ਸੰਘਰਸ਼, ਵੱਧ ਤੋਂ ਵੱਧ ਆਧਾਰ ਨੂੰ ਪ੍ਰਭਾਵਤ ਹੀ ਕਰ ਸਕਦਾ ਹੈ, ਉਸ ਨੂੰ ਬਦਲ ਨਹੀਂ ਸਕਦਾ, ਜਦੋਂ ਕਿ ਆਧਾਰ ਦੇ ਬਦਲਾਓ ਦਾ ਸੰਘਰਸ਼, ਉਸਾਰ ਦਾ ਬਦਲਾਓ ਵੀ ਲੈ ਆਵੇਗਾ।

ਇਸ ਲਈ ਸਰਮਾਏ ਵਿਰੁੱਧ ਕਿਰਤੀ ਸੰਘਰਸ਼ ਦਾ ਅਖਾੜਾ, ਆਧਾਰ ਦੇ ਖੇਤਰ ਵਿਚ ਹੈ। ਉਹ ਵੀ ਉਥੇ, ਜਿੱਥੇ ਸਰਮਾਇਆ ਅਤੇ ਕਿਰਤ-ਸ਼ਕਤੀ ਸਿੱਧੇ ਮੁਕਾਬਲੇ ਵਿਚ ਹਨ। ਜਿੱਥੇ ਜਿਣਸ-ਉਤਪਾਦਨ ਹੁੰਦਾ ਹੈ। ਜਿਥੇ ਉਜਰਤੀ-ਕਿਰਤ ਦੀ ਲੁੱਟ ਹੁੰਦੀ ਹੈ। ਜਮਾਤੀ-ਘੋਲ ਦਾ ਕੇਂਦਰ ਬਿੰਦੂ ਉਹ ਢੰਗ ਹੈ, ਜਿੱਥੇ ਉਜਰਤੀ-ਗੁਲਾਮੀ ਵਧਦੀ ਤੇ ਪੱਕੀ ਹੁੰਦੀ ਹੈ ਜਾਂ ਮੁਕਤੀ ਦੇ ਮਾਰਗ ਪੈਂਦੀ ਹੈ। ਜਿੱਥੇ ਸਮਾਜਕ ਨਿਘਾਰ ਜਾਂ ਸਮਾਜਕ ਬੁਲੰਦੀ ਸਿਰਜੀ ਜਾਂਦੀ ਹੈ।

ਭਾਗ-30

ਕਹਾਵਤਾਂ ਬਹੁਤ ਮੁੱਲਵਾਨ ਹੁੰਦੀਆਂ ਹਨ। ਇਹ ਆਪਣੇ ਸਮੇਂ ਦੀ ਬੌਧਿਕਤਾ ਦਾ ਤੱਤ-ਨਿਚੋੜ ਹੁੰਦੀਆਂ ਹਨ। ਇਹ ਦਰਸ਼ਨ ਦੇ ਨਵੇਂ ਤੱਤ, ਨਵੀਂਆਂ ਕਹਾਵਤਾਂ ਬਣਦੇ ਹਨ। ਜੇ ਅਕਲ ਦੀ ਸਿਖਰ ਵਿਚ ਕੁਝ ਨਵਾਂ ਨਹੀਂ ਹੈ ਤਾਂ ਨਵੀਂਆਂ ਕਹਾਵਤਾਂ ਵੀ ਨਹੀਂ ਹਨ। ਗੁਰੂ ਬਾਬਾ ਨਾਨਕ ਦੀ 'ਸੂਝ ਦੀ ਸਿਖਰ' ਵਿਚ ਨਵਾਂ ਸੀ ਤਾਂ ਉਹਨਾ ਦੇ ਬਹੁਤੇ

3-Dec-Sunday.qxd 12/2/2023 11:01 PM Page 5

ਕਾਨਪੁਰ ਦਾ 'ਠੱਗੂ' ਵੀ ਚੰਗਾ ਆਖਿਆ ਜਾ ਸਕਦੈ ਪੰਜਾਬ ਦੇ ਪੱਲੇ ਪਏ ਲੀਡਰਾਂ ਨਾਲੋਂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਕਹਿੰਦੇ ਹਨ ਕਿ ਹਰ ਨਵਾਂ ਦਿਨ ਕੁਝ ਨਵਾਂ ਲੈ ਕੇ ਆਉਂਦਾ ਹੈ। ਉਹ ਨਵਾਂ ਕੁਝ ਚੰਗਾ ਵੀ ਹੋ ਸਕਦਾ ਹੈ ਤੇ ਮਾੜਾ ਵੀ, ਕੋਈ ਪ੍ਰਾਪਤੀ ਵੀ ਅਤੇ ਕੋਈ ਅਸਫਲਤਾ ਵੀ, ਕੋਈ ਮਾਇਕ ਲਾਭ ਵੀ ਅਤੇ ਕੋਈ ਨਵੀਂ ਸੋਚ ਵੀ ਜਾਂ ਇਸ ਦੇ ਐਨ ਉਲਟ ਕਿਸੇ ਪਿਛਲੀ ਸੋਚ ਦੀ ਧਾਰਨਾ ਦਾ ਖੰਡਨ ਵੀ। ਬੀਤੇ ਹਫਤੇ ਦੇ ਕੁਝ ਦਿਨ ਸਾਡੇ ਲਈ ਇਹੋ ਜਿਹੇ ਸਨ। ਸਰਕਾਰੀ ਨੌਕਰੀ ਤੋਂ ਕੋਈ ਦਾਗ ਲਵਾਏ ਬਿਨਾਂ ਸੇਵਾ-ਮੁਕਤ ਹੋਏ ਕੁਝ ਸੱਜਣ ਪਿਛਲੇ ਦਿਨੀਂ ਚੰਡੀਗੜ੍ਹ ਵਿੱਚ ਮਿਲੇ। ਉਨ੍ਹਾਂ ਨਾਲ ਪੰਜਾਬ ਦੇ ਮੌਜੂਦਾ ਹਾਲਾਤ ਦੀ ਗੱਲ ਚੱਲੀ। ਏਦਾਂ ਦੇ ਵਕਤ ਬੀਤੇ ਸਮੇਂ ਦੀ ਗੱਲ ਚੱਲਣੀ ਵੀ ਸੁਭਾਵਕ ਸੀ। ਬਚਪਨ ਤੋਂ ਇਹ ਗੱਲ ਅਸੀਂ ਲੋਕ ਆਪਣੇ ਤੋਂ ਵੱਡਿਆਂ ਕੋਲੋਂ ਸੁਣਦੇ ਆਏ ਹਾਂ ਕਿ ਉਨ੍ਹਾਂ ਦਾ ਸਮਾਂ ਚੰਗਾ ਸੀ, ਪਿੱਛੋਂ ਹਾਲਾਤ ਵਿਗੜ ਗਏ ਸਨ। ਸਾਡੀ ਪੀੜ੍ਹੀ ਦੇ ਲੋਕ ਵੀ ਇਹੋ ਗੱਲ ਕਹਿੰਦੇ ਆਮ ਸੁਣੇ ਜਾਂਦੇ ਹਨ। ਇਸ ਨੂੰ ਘੋਖਵੀਂ ਨਜ਼ਰ ਨਾਲ ਵੇਖਿਆ ਜਾਵੇ ਤਾਂ ਸਾਰੀ ਕਹਾਣੀ ਦਾ ਨਿਚੋੜ ਇਹ ਨਿਕਲਦਾ ਹੈ ਕਿ ਸਾਡੇ ਵੱਡਿਆਂ ਵੇਲੇ ਵੀ ਅਤੇ ਜਵਾਨੀ ਤੋਂ ਅੱਜ ਤੱਕ ਦੇ ਸਾਡੇ ਸਫਰ ਦੌਰਾਨ ਵੀ ਪੰਜਾਬ ਦੇ ਅਤੇ ਦੇਸ਼ ਦੇ ਹਾਲਾਤ ਵੀ ਲਗਾਤਾਰ ਵਿਗੜਦੇ ਹੀ ਗਏ ਹਨ, ਕਦੀ ਕੋਈ ਸੁਖਾਵੇਂ ਪਾਸੇ ਦਾ ਮੋੜ ਆਉਂਦਾ ਜਾਂਦਾ ਦਿੱਸਿਆ ਹੀ ਨਹੀਂ ਜਾਂ ਅਸਲੋਂ ਨਿਗੂਣਾ ਸਾਬਤ ਹੋਇਆ ਹੈ। ਉਨ੍ਹਾਂ ਸੇਵਾ-ਮੁਕਤ ਸੱਜਣਾਂ ਨੇ ਇਹੋ ਗੱਲ ਜ਼ੋਰ ਨਾਲ ਕਹੀ ਕਿ ਜਦੋਂ ਉਹ ਸੇਵਾ ਲਈ ਚੁਣੇ ਗਏ ਸਨ, ਓਦੋਂ ਅਸੂਲਾਂ ਦੀ ਪਾਲਣਾ ਨੂੰ ਪਹਿਲ ਦੇਣ ਦੀ ਹਦਾਇਤ ਕੀਤੀ ਜਾਂਦੀ ਸੀ ਤੇ ਏਸੇ ਪਹਿਲ ਤੋਂ ਕਿਸੇ ਦੇ ਚੰਗੇ ਜਾਂ ਮਾੜੇ ਹੋਣ ਦੀ ਪਰਖ ਕੀਤੀ ਜਾਂਦੀ ਸੀ, ਅੱਜਕੱਲ੍ਹ ਇਹ ਕੋਈ ਖੂਬੀ ਨਹੀਂ ਰਹੀ, ਸਗੋਂ ਏਦਾਂ ਦੇ ਬੰਦੇ ਨੂੰ ਦਾਲ ਵਿੱਚ ਕੋਰੜੂ ਸਮਝਿਆ ਜਾਂਦਾ ਹੈ। ਅਸੀਂ ਇਹ ਗੱਲ ਪੁੱਛੀ ਕਿ ਜਦੋਂ ਉਹ ਸੇਵਾ ਵਿੱਚ ਨਵੇਂ ਆਏ ਸਨ ਤਾਂ ਆਹ ਜਿਹੜੀ ਗੱਲ ਉਨ੍ਹਾਂ ਅੱਜ ਕਹੀ ਹੈ, ਏਦਾਂ ਦੀ ਗੱਲ ਉਨ੍ਹਾਂ ਤੋਂ ਕੁਝ ਪਹਿਲੇ ਵੀ ਕਹਿੰਦੇ ਹੋਣਗੇ ਤਾਂ ਇੱਕ ਜਣੇ ਨੇ ਹੱਸ ਕੇ ਕਿਹਾ : ਹਾਂ, ਉਹ ਵੀ ਕਹਿੰਦੇ ਹੁੰਦੇ ਸਨ ਅਤੇ ਉਹ ਠੀਕ ਕਹਿੰਦੇ ਸਨ। ਕਹਿਣ ਤੋਂ ਭਾਵ ਇਹ ਕਿ ਹਰ ਨਵੀਂ ਪੀੜ੍ਹੀ ਨਾਲ ਪੰਜਾਬ ਦੇ ਹਾਲਾਤ ਵਿੱਚ ਵਿਗਾੜ ਹੀ ਆਉਂਦਾ ਨੋਟ ਕੀਤਾ ਜਾਂਦਾ ਰਿਹਾ ਹੈ।

ਆਖਰ ਇਸ ਤਰ੍ਹਾਂ ਹੁੰਦਾ ਕਿਉਂ ਰਿਹਾ ਹੈ! ਸਾਡੀ ਜਾਚੇ ਵਿਗਾੜ ਦੇ ਇਸ ਰੁਝਾਨ ਦਾ ਅਸਲ ਕਾਰਨ ਇਹ ਸੀ ਅਤੇ ਅੱਜ ਵੀ ਇਹੋ ਮੰਨਿਆ ਜਾਂਦਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਨੂੰ ਕਦੀ ਚੱਜ ਦੀ ਲੀਡਰਸ਼ਿਪ ਨਹੀਂ ਮਿਲੀ, ਕਦੀ ਚੱਜ ਦੇ ਆਗੂ ਨਹੀਂ ਮਿਲੇ, ਜਿਹੜੇ ਆਪਣੇ ਨਿੱਜ ਤੇ ਕੋੜਮੇ ਤੋਂ ਅੱਗੇ ਕੁਝ ਸੋਚਣ ਦੀ ਲੋੜ ਸਮਝਦੇ ਹੋਣ। ਅਸੀਂ ਪੰਜਾਬ ਨੂੰ ਜਿਸ ਮੋੜ ਉੱਤੇ ਖੜਾ ਅੱਜ ਵੇਖ ਰਹੇ ਹਾਂ, ਓਥੇ ਇਸ ਨੂੰ ਉਸ ਲੀਡਰਸ਼ਿਪ ਦੀ ਲੋੜ ਹੈ, ਜਿਹੜੀ ਆਪਣੇ ਹਿੱਤਾਂ ਤੋਂ ਇਸ ਰਾਜ ਦੇ ਅਤੇ ਰਾਜ ਦੇ ਲੋਕਾਂ ਦੇ ਹਿੱਤਾਂ ਨੂੰ ਪਹਿਲ ਦੇਵੇ। ਉਹ ਲੀਡਰਸ਼ਿਪ ਏਦਾਂ ਦੀ ਚਾਹੀਦੀ ਹੈ, ਜਿਹੜੀ ਚੰਗੀ ਗੱਲ ਆਪਣੇ ਵਿਰੋਧੀ ਦੇ ਮੂੰਹੋਂ ਵੀ ਨਿਕਲਦੀ ਹੋਵੇ ਤਾਂ ਉਸ ਨੂੰ ਚੰਗੀ ਕਹਿ ਸਕਦੀ ਹੋਵੇ। ਬਦਕਿਸਮਤੀ ਨਾਲ ਸਾਡੇ ਲੀਡਰਾਂ ਵਿੱਚ ਇਹ ਚਿੰਤਾ ਭਾਰੂ ਰਹਿੰਦੀ ਹੈ ਕਿ ਜੇ ਮੈਂ ਆਪਣੇ ਵਿਰੋਧੀ ਦੀ ਇੱਕ ਵੀ ਗੱਲ ਨੂੰ ਠੀਕ ਆਖ ਦੇਵਾਂਗਾ ਤਾਂ ਉਹ ਬੇਸ਼ੱਕ ਕਿੰਨਾ ਵੀ ਠੀਕ ਕਹਿੰਦਾ ਤੇ ਕਰਦਾ ਪਿਆ ਹੋਵੇ, ਇਸ ਨਾਲ ਇੱਕ ਨੇਤਾ ਵਜੋਂ ਮੇਰੀ ਅਹਿਮੀਅਤ ਘਟ ਜਾਵੇਗੀ ਤੇ ਉਸ ਦਾ ਅਕਸ ਚਮਕਣ ਦੀ ਸੰਭਾਵਨਾ ਵਧ ਜਾਵੇਗੀ। ਇਸ ਕਰ ਕੇ ਕਿਸੇ ਵੀ ਆਗੂ ਦੇ ਬਿਆਨ ਵਿੱਚੋਂ ਕੰਮ ਦੀ ਕੋਈ ਗੱਲ ਲੱਭਣ ਦੀ ਥਾਂ ਸਿਰਫ ਨੁਕਸ ਲੱਭਣ ਵਾਸਤੇ ਜ਼ੋਰ ਲਾਇਆ ਜਾਂਦਾ ਹੈ ਜਾਂ ਆਪਣੀ ਸੂਝ ਕਿਰਾਏ ਉੱਤੇ ਦੇ ਸਕਣ ਵਾਲੇ ਸਿਆਣੇ ਲੱਭ ਕੇ ਇਸ ਕੰਮ ਲਾਏ ਜਾਂਦੇ ਹਨ। ਅਜੋਕੇ ਪੰਜਾਬ ਦੀਆਂ ਬਹੁਤ ਸਾਰੀਆਂ ਉਲਝਣਾਂ ਅਤੇ ਔਕੜਾਂ ਇਸ ਕਰ ਕੇ ਪੈਦਾ ਹੋਈਆਂ ਅਤੇ ਵਧਦੀਆਂ ਗਈਆਂ ਹਨ ਕਿ ਨਿੱਜੀ ਚੌਧਰ ਦੀ ਭਾਵਨਾ ਨੇ ਚੰਗੀ ਗੱਲ ਨੂੰ ਵੀ ਚੰਗੀ ਨਹੀਂ ਸੀ ਕਹਿਣ ਦਿੱਤਾ।

ਬਹੁਤ ਪਿੱਛੇ ਜਾਈਏ ਤਾਂ ਇੱਕ ਮੌਕੇ ਪੰਜਾਬ ਵਿੱਚ ਰਾਜ ਦੀ ਕਮਾਨ ਕਰ ਰਹੇ ਪ੍ਰਤਾਪ ਸਿੰਘ ਕੈਰੋਂ ਨੂੰ ਜਦੋਂ ਸੁਣਨ ਨੂੰ ਮਿਲਿਆ ਕਿ ਪੰਡਤ ਜਵਾਹਰ ਲਾਲ ਨਹਿਰੂ ਨੇ ਸਿੱਖ ਆਗੂਆਂ ਵਿੱਚੋਂ ਫਲਾਣੇ ਨਾਲ ਗੱਲ ਛੇੜੀ ਅਤੇ ਉਸ ਨੂੰ ਅੱਗੇ ਲਾ ਕੇ ਪੰਜਾਬ ਵਿੱਚ ਸਾਂਝੀ ਸਰਕਾਰ ਬਣਾਉਣ ਦੀ ਸੋਚੀ ਹੈ ਤਾਂ ਉਸ ਨੇ ਪਹਿਲੀ ਚਾਬੀ ਘੁੰਮਾਈ ਸੀ। ਅਕਾਲੀਆਂ ਦਾ ਦਿਮਾਗ ਗਿਣੇ ਜਾਂਦੇ ਇੱਕ ਆਗੂ ਨਾਲ ਗੱਲ ਕਰ ਕੇ ਦੋ ਵੱਡੇ ਅਕਾਲੀ ਲੀਡਰਾਂ ਵਿੱਚੋਂ ਇੱਕ ਦੇ ਖਿਲਾਫ ਦੂਸਰੇ ਨੂੰ ਉਭਾਰਿਆ ਤੇ ਉਸ ਦਾ ਮਰਨ-ਵਰਤ ਰਖਵਾਉਣ ਦੀ ਖੇਡ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਅਕਾਲੀ ਦਲ ਦਾ ਨੁਕਸਾਨ ਕਰਦਾ ਹੋਇਆ ਉਹ ਕਾਂਗਰਸ ਤੇ ਪੰਜਾਬ ਦਾ ਨੁਕਸਾਨ ਵੀ ਕਰ ਕੇ ਦੁਨੀਆ ਤੋਂ ਗਿਆ ਸੀ। ਜਦੋਂ ਪੰਜਾਬ ਵਿੱਚ ਪਹਿਲੀ ਗੈਰ-ਕਾਂਗਰਸੀ ਸਰਕਾਰ ਬਣੀ ਤਾਂ ਲਛਮਣ ਸਿੰਘ ਗਿੱਲ ਨੂੰ ਵਰਤ ਕੇ ਉਸ ਸਰਕਾਰ ਦਾ ਭੋਗ ਪਵਾਇਆ ਗਿਆ ਸੀ, ਪਰ ਪਿੱਛੋਂ ਉਸ ਦੀ ਹਮਾਇਤ ਵਾਪਸ ਲੈ ਕੇ ਆਪਣੇ ਲਈ ਰਾਹ ਕੱਢਣ ਦੇ ਉਹ ਦਾਅ ਸ਼ੁਰੂ ਕੀਤੇ ਗਏ, ਜਿਹੜੇ ਸਮਾਂ ਪਾ ਕੇ ਪੰਜਾਬ ਦੀ ਵੱਡੀ ਬਦਕਿਸਮਤੀ ਦਾ ਕਾਰਨ ਬਣੇ ਸਨ ਅਤੇ ਅੱਜ ਤੱਕ ਉਸ ਦੌਰ ਦੇ ਖਿਲਾਰੇ ਕੰਡੇ ਚੁਣਨੇ ਮੁਸ਼ਕਲ ਹਨ। ਉਸ ਦੇ ਬਾਅਦ ਐਮਰਜੈਂਸੀ ਦਾ ਐਲਾਨ ਹੁੰਦੇ ਸਾਰ ਇੰਦਰਾ ਗਾਂਧੀ ਨੇ ਜਦੋਂ ਇੱਕ ਅਕਾਲੀ ਆਗੂ ਨੂੰ ਇਸ ਦੀ ਹਮਾਇਤ ਲਈ ਰਾਜ਼ੀ ਕਰ ਲਿਆ ਤਾਂ ਸਹਿਮਤੀ ਉੱਤੇ ਪਾਣੀ ਫੇਰਨ ਲਈ ਇੰਦਰਾ ਗਾਂਧੀ ਦੇ ਇੱਕ 'ਭਰੋਸੇਮੰਦ' ਕਾਂਗਰਸੀ ਆਗੂ ਨੇ ਉਸ ਅਕਾਲੀ ਲੀਡਰ ਨਾਲ ਸ਼ਰੀਕ-ਸਾੜਾ ਰੱਖਦੇ ਆਗੂ ਨੂੰ ਸੁਨੇਹਾ ਭੇਜ ਕੇ ਇਸ ਦੇ ਵਿਰੋਧ ਦਾ ਇੱਕ-ਤਰਫਾ ਐਲਾਨ ਕਰਵਾ ਛੱਡਿਆ ਸੀ। ਜਦੋਂ ਪੰਜਾਬ ਦੇ ਹਾਲਾਤ ਵੱਧ ਵਿਗੜੇ ਵੇਖ ਕੇ ਤਿੰਨ-ਧਿਰੀ ਗੱਲਬਾਤ ਵਿੱਚ ਸਮਝੌਤੇ ਦਾ ਰਾਹ ਲਗਭਗ ਕੱਢਿਆ ਜਾ ਚੁੱਕਾ ਸੀ ਤਾਂ ਦਿੱਲੀ ਤੋਂ ਅੰਮ੍ਰਿਤਸਰ ਕੀਤੇ ਇੱਕ ਫੋਨ ਨਾਲ ਕਮਰੇ ਵਿੱਚ ਹੁੰਦੀ ਅਕਾਲੀ ਮੀਟਿੰਗ ਛੱਡ ਕੇ ਜਿਹੜਾ ਆਗੂ ਸੁਣਨ ਲਈ ਸੱਦਿਆ ਗਿਆ, ਉਸ ਨੇ ਪੰਜ ਮਿੰਟਾਂ ਵਿੱਚ ਉਸ ਮੀਟਿੰਗ ਦਾ ਮਾਹੌਲ ਉਲਟਾ ਕਰ ਦਿੱਤਾ ਸੀ। ਰਾਜੀਵ ਗਾਂਧੀ ਨਾਲ ਜਦੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਵਿੱਚ ਅਮਨ ਵਾਸਤੇ ਸਮਝੌਤਾ ਕੀਤਾ ਤਾਂ ਉਸ ਦੀ ਸਿਆਹੀ ਸੁੱਕਣ ਤੋਂ ਪਹਿਲਾਂ ਦਿੱਲੀ ਬੈਠੇ ਇੰਦਰਾ ਗਾਂਧੀ ਦੇ ਇੱਕ 'ਭਰੋਸੇਮੰਦ' ਨੇ ਦੋ ਦੂਸਰੇ ਲੀਡਰਾਂ ਨੂੰ ਉਕਸਾ ਕੇ ਸਮਝੌਤੇ ਦਾ ਵਿਰੋਧ ਕਰਵਾ ਦਿੱਤਾ ਸੀ। ਇਨ੍ਹਾਂ ਸਾਰਿਆਂ ਨੇ ਇਹ ਕੰਮ ਆਪਣੇ ਦੇਸ਼, ਪੰਜਾਬ ਜਾਂ ਆਪਣੇ ਭਾਈਚਾਰੇ ਵਾਸਤੇ ਨਹੀਂ ਸੀ ਕੀਤਾ, ਸਗੋਂ ਇਸ ਲਈ ਕੀਤਾ ਸੀ ਕਿ ਇਸ ਦਾ ਲਾਭ ਫਲਾਣੇ ਨੂੰ ਮਿਲ ਗਿਆ ਤਾਂ ਅਸੀਂ ਰਾਜ-ਮਹਿਲ ਤੱਕ ਪਹੁੰਚਣ ਦੀ ਦੌੜ ਵਿੱਚ ਪਿੱਛੇ ਰਹਿ ਜਾਵਾਂਗੇ। ਉਹ ਦੌੜ ਕਦੀ ਵੀ ਰੁਕੀ ਨਹੀਂ, ਅੱਜ ਤੱਕ ਚੱਲ ਰਹੀ ਹੈ ਅਤੇ ਚਲਦੀ ਰਹੇਗੀ।

ਪੰਜਾਬ ਵਿੱਚ ਹਰ ਸਮੇਂ ਕਿਸੇ ਯੋਗ ਆਗੂ ਦੀ ਹੋਂਦ ਦਾ ਸੰਕਟ ਰਿਹਾ ਹੈ ਅਤੇ ਇਹ ਸੰਕਟ ਅੱਜ ਵੀ ਹੈ। ਇਸ ਵੇਲੇ ਸਰਕਾਰ ਚਲਾ ਰਹੇ ਜਾਂ ਸਰਕਾਰ ਦਾ ਵਿਰੋਧ ਕਰਦੇ ਬਾ-ਕਾਇਦਾ ਅਤੇ ਬੇ-ਕਾਇਦਾ ਲੀਡਰਾਂ ਵਿੱਚ ਪੰਜਾਬ ਦੇ ਮੁੱਦਿਆਂ ਵਾਸਤੇ ਕੋਈ ਸਾਂਝੀ ਸੁਰ ਨਹੀਂ ਲੱਭਦੀ, ਸਗੋਂ ਜੇ ਕਦੀ ਉਹ ਥੋੜ੍ਹੀ ਜਿਹੀ ਇੱਕ-ਦੂਸਰੇ ਦੀ ਸਿਫਤ ਕਰ ਬਹਿਣ ਤਾਂ ਦੂਸਰੇ ਦਿਨ ਇਸ ਦੀ ਚਰਚਾ ਹੁੰਦੇ ਸਾਰ ਆਪਣੇ ਉੱਤੇ ਵਿਰੋਧੀਆਂ ਨਾਲ ਮਿਲਿਆ ਹੋਣ ਦਾ ਦੋਸ਼ ਲੱਗਣ ਤੋਂ ਡਰਦੇ ਹਨ। ਪਿਛਲੇ ਹਫਤੇ ਜਦੋਂ ਪੰਜਾਬ ਅਸੈਂਬਲੀ ਦਾ ਦੋ ਦਿਨਾ ਸੈਸ਼ਨ ਹੋਇਆ ਤਾਂ ਪਹਿਲੇ ਦਿਨ ਆਪੋਜ਼ੀਸ਼ਨ ਲੀਡਰ ਪ੍ਰਤਾਪ ਸਿੰਘ ਬਾਜਵਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ-ਦੂਸਰੇ ਦੇ ਕੋਟ ਜਾਂ ਸ਼ਾਲ ਦੀ ਸਿਫਤ ਕਰ ਦਿੱਤੀ, ਅਗਲੇ ਦਿਨ ਮੀਡੀਏ ਵਿੱਚ ਆਈ ਖਬਰ ਨੇ ਏਨਾ ਪ੍ਰਭਾਵ ਪਾਇਆ ਕਿ ਉਹ ਫਿਰ ਭਿੜਨ ਦੇ ਰਾਹ ਪੈ ਗਏ। ਸਰਕਾਰੀ ਸੇਵਾ ਤੋਂ ਦਾਗ ਲਵਾਏ ਬਗੈਰ ਸੇਵਾ-ਮੁਕਤ ਹੋਏ ਉਨ੍ਹਾਂ ਸੱਜਣਾਂ ਦਾ ਇਹ ਪ੍ਰਭਾਵ ਸੀ ਕਿ ਜੇ ਏਨੀ ਕੁ ਖਬਰ ਨਾਲ ਪੰਜਾਬ ਦੇ ਲੀਡਰ ਆਪਸ ਵਿੱਚ ਅੱਖ ਮਿਲਾਉਣ ਤੋਂ ਭੱਜ ਖੜੋਂਦੇ ਹਨ ਤਾਂ ਉਹ ਹੋਰ ਜੋ ਮਰਜ਼ੀ ਕਰਦੇ ਜਾਣ, ਪੰਜਾਬ ਦੇ ਹਿੱਤਾਂ ਲਈ ਮੁੱਦਿਆਂ ਮੁਤਾਬਕ ਸਟੈਂਡ ਕਦੇ ਨਹੀਂ ਲੈ ਸਕਦੇ। ਉਨ੍ਹਾਂ ਵਿੱਚੋਂ ਇੱਕ ਜਣਾ, ਜਿਹੜਾ ਰਾਜੀਵ-ਲੌਂਗੋਵਾਲ ਸਮਝੌਤਾ ਹੋਣ ਵੇਲੇ ਪੰਜਾਬ ਦੀ ਸਿਖਰਲੀ ਅਫਸਰਸ਼ਾਹੀ ਵਿੱਚ ਤਾਂ ਨਹੀਂ ਸੀ, ਪਰ ਸਿਖਰਲੀ ਅਫਸਰਸ਼ਾਹੀ ਦੇ ਪ੍ਰਮੁੱਖ ਸਹਾਇਕ ਵਜੋਂ ਸਾਰੇ ਹਾਲਾਤ ਨਾਲ ਜੁੜਿਆ ਰਿਹਾ ਸੀ, ਸਾਫ ਕਹਿੰਦਾ ਸੀ ਕਿ ਸਮਝੌਤਾ ਚੰਗਾ ਸੀ ਜਾਂ ਮੰਦਾ, ਜੇ ਓਦੋਂ ਪੰਜਾਬ ਦੇ ਲੀਡਰਾਂ ਨੇ ਨਿੱਜ ਦੀ ਥਾਂ ਲੋਕ-ਹਿੱਤ ਨੂੰ ਪਹਿਲ ਦਿੱਤੀ ਹੁੰਦੀ ਤਾਂ ਸਾਡੇ ਲੋਕਾਂ ਨੂੰ ਲੰਮਾ ਸੰਤਾਪ ਨਹੀਂ ਸੀ ਭੁਗਤਣਾ ਪੈਣਾ। ਸਮਝੌਤੇ ਵਿੱਚ ਨੁਕਸਾਂ ਬਾਰੇ ਵੀ ਉਹ ਸਾਫ ਕਹਿੰਦਾ ਸੀ ਕਿ ਉਹ ਦੂਰ ਕਰਵਾਏ ਜਾ ਸਕਦੇ ਸਨ, ਪਰ ਪੰਜਾਬ ਦੀ ਲੀਡਰਸ਼ਿਪ ਚੰਗੀ ਨਹੀਂ ਨਿਕਲੀ।

ਲੀਡਰਸ਼ਿਪ ਚੰਗੀ ਨਹੀਂ ਨਿਕਲੀ ਜਾਂ ਸਿਆਣੀ ਨਹੀਂ ਨਿਕਲੀ (ਕਿਉਂਕਿ ਚੰਗਾ ਅਤੇ ਸਿਆਣਾ ਹੋਣ ਦਾ ਫਰਕ ਵੀ ਬਹੁਤ ਵੱਡਾ ਹੁੰਦਾ ਹੈ) ਜਾਂ ਸਾਫ ਹੈ ਕਿ ਲੀਡਰਸ਼ਿਪ ਸਿਆਣੀ ਵੀ ਸੀ, ਪਰ ਦਿਲੋਂ ਈਮਾਨਦਾਰ ਨਹੀਂ ਸੀ, ਏਦੂੰ ਵੀ ਸਾਫ ਕਹਿਣਾ ਹੋਵੇ ਤਾਂ ਲੀਡਰਸ਼ਿਪ ਬੇਈਮਾਨ ਸੀ। ਕੁਝ ਵੀ ਕਿਹਾ ਜਾ ਸਕਦਾ ਹੈ। ਜੇ ਲੀਡਰਸ਼ਿਪ ਸਿਆਣੀ ਹੁੰਦੀ ਜਾਂ ਬੇਸ਼ੱਕ ਨਾ ਵੀ ਸਿਆਣੀ ਹੁੰਦੀ, ਪਰ ਈਮਾਨਦਾਰ ਹੀ ਹੁੰਦੀ ਤਾਂ ਕਈ ਮੁੱਦੇ ਹੱਲ ਹੋ ਜਾਂਦੇ। ਜਦੋਂ ਬਾਕੀ ਸਾਰੇ ਰਾਜ ਭਾਸ਼ਾ ਦੀ ਨੀਂਹ ਉੱਤੇ ਆਧਾਰਤ ਮੰਨ ਲਏ ਗਏ ਸਨ ਤਾਂ ਇਹ ਲੀਡਰਸ਼ਿਪ ਇਕੱਠੇ ਹੋ ਕੇ ਕਈ ਕੁਝ ਕਰਵਾ ਸਕਦੀ ਸੀ, ਪਰ ਮੁਸ਼ਕਲ ਇਹ ਸੀ ਕਿ ਫਿਰ ਸਿਆਣੀ ਗੱਲ ਕਹਿਣ ਵਾਲੇ ਆਗੂ ਦੀ ਅਗਵਾਈ ਮੰਨਣੀ ਪੈਣੀ ਸੀ। ਕਿਸੇ ਦੀ ਅਗਵਾਈ ਮੰਨ ਲੈਣ ਦਾ ਭਾਵ ਹਰ ਆਗੂ ਲਈ ਆਪਣੀ ਸਿਆਸੀ 'ਦੁਕਾਨਦਾਰੀ' ਸਮੇਟੇ ਜਾਣ ਦਾ ਡਰ ਪੈਦਾ ਕਰਦਾ ਹੈ, ਇਸ ਲਈ ਉਹ ਹੋਰ ਜੋ ਮਰਜ਼ੀ ਕਰੀ ਜਾਣ, ਦੂਸਰੇ ਦੀ ਕਹੀ ਗੱਲ ਭਾਵੇਂ ਕਿੰਨੀ ਵੀ ਠੀਕ ਹੋਵੇ, ਉਸ ਦੀ ਹਾਮੀ ਭਰਨ ਦੀ ਗਲਤੀ ਕਦੀ ਵੀ ਨਹੀਂ ਕਰਦੇ। ਨਾਲ ਇਹ ਗੱਲ ਅੱਖੋਂ-ਪਰੋਖੇ ਕਰਨ ਵਾਲੀ ਨਹੀਂ ਕਿ ਜਦੋਂ ਹਾਮੀ ਦੀ ਬਜਾਏ ਵਿਰੋਧ ਕਰ ਕੇ ਆਪਣੇ ਜਾਂ ਆਪਣੇ ਬਾਲ-ਬੱਚਿਆਂ ਲਈ ਮੌਕੇ ਪੈਦਾ ਕੀਤੇ ਜਾ ਸਕਦੇ ਹੋਣ ਤਾਂ ਇਨ੍ਹਾਂ ਆਗੂਆਂ ਲਈ ਪਹਿਲ ਦਾ ਮੁੱਦਾ ਲੋਕ-ਹਿੱਤ ਕਦੇ ਨਹੀਂ ਹੋ ਸਕਦੇ, ਆਪਣਾ ਅਤੇ ਆਪਣੇ ਪਰਵਾਰ ਦਾ ਭਵਿੱਖ ਹੁੰਦਾ ਹੈ। ਇਸ ਵਕਤ ਜਿਸ ਮੋੜ ਉੱਤੇ ਸਾਡੇ ਪੰਜਾਬ ਦੇ ਲੋਕ ਖੜੇ ਦਿੱਸਦੇ ਹਨ, ਏਥੇ ਇੱਕ ਵਾਰ ਫਿਰ ਈਮਾਨਦਾਰ ਲੀਡਰਸ਼ਿਪ ਦੀ ਲੋੜ ਹੈ, ਜਿਹੜੀ ਕਿਤੇ ਨਹੀਂ ਰੜਕਦੀ।

ਉੱਤਰ ਪ੍ਰਦੇਸ਼ ਦੇ ਸ਼ਹਿਰ ਕਾਨਪੁਰ ਵਿੱਚ ਮਿਠਾਈ ਦੀ ਇੱਕ ਦੁਕਾਨ ਦਾ ਨਾਂਅ 'ਠੱਗੂ ਕੇ ਲੱਡੂ' ਹੈ, ਜਿਸ ਦੇ ਨਾਲ ਦੁਕਾਨਦਾਰ ਨੇ ਈਮਨਦਾਰੀ ਅਤੇ ਸ਼ੁੱਧਤਾ ਦਾ ਨਾਅਰਾ ਨਹੀਂ ਲਿਖਿਆ। ਓਥੇ ਜਾਣ ਵਾਲਾ ਹਰ ਕੋਈ ਇਹ ਪੜ੍ਹ ਕੇ ਹੈਰਾਨ ਹੁੰਦਾ ਹੈ ਕਿ 'ਏਸਾ ਕੋਈ ਸਗਾ ਨਹੀਂ, ਜਿਸ ਕੋ ਹਮ ਨੇ ਠਗਾ ਨਹੀਂ।' ਆਪਣੇ ਆਪ ਨੂੰ 'ਠੱਗੂ' ਕਹਿਣ ਅਤੇ ਇਹ ਐਲਾਨ ਕਰਨ ਵਾਲਾ ਕਿ ਅਸੀਂ ਆਪਣੇ ਸਕੇ-ਸੋਧਰਿਆਂ ਨੂੰ ਵੀ ਠੱਗਣ ਤੋਂ ਲਿਹਾਜ਼ ਨਹੀਂ ਕੀਤਾ, ਪੰਜਾਬ ਵਾਲੇ ਸਾਡੇ ਲੀਡਰਾਂ ਤੋਂ ਇਮਾਨਦਾਰ ਹੈ, ਕਿਉਂਕਿ ਉਹ ਆਪਣੇ 'ਠੱਗੂ' ਹੋਣ ਦੇ ਕਿਰਦਾਰ ਨੂੰ ਛੁਪਾਉਂਦਾ ਨਹੀਂ, ਸਾਡੇ ਪੰਜਾਬ ਦੇ ਉਹ ਆਗੂ ਵੀ ਈਮਾਨ ਦੇ ਪੁਤਲੇ ਬਣੇ ਫਿਰਦੇ ਹਨ, ਜਿਨ੍ਹਾਂ ਕਿਸੇ ਆਪਣੇ-ਪਰਾਏ ਨੂੰ ਬਖਸ਼ਿਆ ਨਹੀਂ। ਪੰਜਾਬ ਦੀ ਤ੍ਰਾਸਦੀ ਇਹੋ ਹੈ ਕਿ ਇਸ ਦੇ ਲੋਕਾਂ ਨੂੰ ਲੁੱਟ ਕੇ ਖਾ ਜਾਣ ਵਾਲੇ ਵੀ ਆਪਣੇ ਆਪ ਨੂੰ ਲੋਕ-ਹਿੱਤਾਂ ਨੂੰ ਪ੍ਰਣਾਇਆ ਬਣਾ ਕੇ ਏਦਾਂ ਵਿਚਰਦੇ ਹਨ ਕਿ ਵੇਖਣ-ਜਾਨਣ ਵਾਲੇ ਲੋਕਾਂ ਨੂੰ ਆਪਣੀ ਨਜ਼ਰ ਅਤੇ ਅਕਲ ਉੱਤੇ ਸ਼ੱਕ ਜਿਹਾ ਹੋਣ ਲੱਗਦਾ ਹੈ।

ਚੂਹਾ ਤਕਨੀਕ ਨਾਲ ਹੋਇਆ ਮਿਸਾਲੀ ਚਮਤਕਾਰ

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਜਿਵੇਂ ਖੁਰਾਕ ਦੀ ਭਾਲ ਵਿੱਚ ਆਏ ਪ੍ਰਵਾਸੀ ਪੰਛੀ ਅਚਾਨਕ ਕੁਦਰਤੀ ਆਫ਼ਤ ਵਿੱਚ ਫਸ ਜਾਂਦੇ ਹਨ ਤੇ ਫਿਰ ਲੰਬੀ ਕੋਸ਼ਿਸ਼ ਤੋਂ ਬਾਅਦ ਉਹ ਅਕਸਰ ਅਜ਼ਾਦ ਹੁੰਦੇ ਹਨ, ਉਵੇਂ ਹੀ ਭਾਰਤ ਦੇ ਦੂਜੇ ਸੂਬਿਆਂ ਤੋਂ ਪੇਟ ਦੀ ਖਾਤਰ ਉੱਤਰਕਾਸ਼ੀ ਦੇ ਇਲਾਕੇ ਵਿੱਚ ਸਿਲਕਿਆਰਾ ਸੁਰੰਗ ਵਿੱਚ ਦੀਵਾਲੀ ਵਾਲੇ ਦਿਨ ਦੇ ਪਹਿਲੇ ਪਹਿਰ ਤੋਂ

3-Dec-Sunday.qxd 12/2/2023 11:00 PM Page 4

ਵਿਸ਼ਵ ਚਿੰਤਨ ਦੀ ਪ੍ਰਸੰਗਿਕਤਾ ਤੇ ਸਾਰਥਿਕਤਾ ਦਾ ਵਿਚਾਰਮਈ ਪ੍ਰਵਚਨ

ਚਿੰਤਨ ਦੇ ਚਿਤੇਰੇ

ਡਾ. ਭੀਮ ਇੰਦਰ ਸਿੰਘ
ਪੰਨੇ-164, ਮੁੱਲ-200 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਕਿਤਾਬ ਦੀ

ਪਰਖ ਪੜਚੋਲ

ਗਗਨਦੀਪ ਸਿੰਘ

ਜਦੋਂ ਮਨੁੱਖ ਨੇ ਸੱਭਿਅਤਾਵਾਂ ਦੇ ਮੁਢਲੇ ਪੰਧ ਦੌਰਾਨ ਪ੍ਰਕਿਰਤੀ ਦੇ ਵਰਤਾਰਿਆਂ, ਰਹੱਸਾਂ ਅਤੇ ਕੁਦਰਤੀ ਨਿਯਮਾਂ ਵੱਲ ਸਵਾਲੀਆ ਨਜ਼ਰੀਆ ਅਪਣਾਉਂਦੇ ਹੋਏ ਸੰਵਾਦ ਦਾ ਰੁਖ ਅਪਣਾਇਆ ਅਤੇ ਉਹਨਾਂ ਸਵਾਲਾਂ ਦੇ ਮਾਧਿਅਮ ਦੁਆਰਾ ਪ੍ਰਕਿਰਤੀ ਦੇ ਰਹੱਸਾਂ ਦੀ ਪੜਾਅ-ਦਰ-ਪੜਾਅ ਥਾਹ ਪਾਉਣ ਦੀ ਕੋਸ਼ਿਸ਼ ਕੀਤੀ, ਬਾਰੰਬਾਰ ਇੱਕ ਸੁਆਲ ਤੇ ਕੇਂਦਰੀ ਨੁਕਤਾ ਨਿਗਾਹ ਤੋਂ ਆਪਣੀ ਆਂਤਰਿਕ ਸੋਝੀ ਅਤੇ ਅਨੁਭਵ ਨਾਲ ਸਵਾਲਾਂ ਦੀ ਤਹਿ ਨੂੰ ਹੋਰ ਡੂੰਘੇਰਾ ਕੀਤਾ। ਉਸ ਸਮੇਂ ਤੋਂ ਮੁਢਲੇ ਚਿੰਤਨ ਦੀ ਸ਼ੁਰੂਆਤ ਹੋਈ। ਸਨਾਤਨੀ ਚਿੰਤਕਾਂ ਨੇ ਬਹੁ-ਪਾਸਾਰੀ ਅਤੇ ਬਹੁ-ਦਿਸ਼ਾਵੀ ਚਿੰਤਨ ਦਾ ਰੁਖ ਅਪਣਾਇਆ। ਯੂਰਪਿਨ ਕਲਾਸੀਕਲ ਕਾਲ-ਖੰਡ ਦੇ ਸਿਰਕੱਢ ਦਾਰਸ਼ਨਿਕ ਅਰਸਤੂ ਦੀ ਉਦਾਹਰਨ ਲੈ ਸਕਦੇ ਹਾਂ, ਜਿਸ ਨੇ ਤਕਰੀਬਨ ਹਰ ਨੁਕਤੇ 'ਤੇ ਆਪਣੀ ਰਾਏ ਪ੍ਰਗਟ ਕੀਤੀ। ਉਸ ਨੂੰ ਮਨੋਵਿਗਿਆਨ, ਤਰਕ ਵਿਗਿਆਨ, ਨੀਤੀ ਸ਼ਾਸਤਰ, ਭੌਤਿਕ ਵਿਗਿਆਨ, ਜੀਵ ਵਿਗਿਆਨ ਅਤੇ ਸਾਹਿਤ ਆਲੋਚਨਾ ਆਦਿ ਵਿਸ਼ਿਆਂ ਦਾ ਮੋਢੀ ਕਿਹਾ ਜਾਂਦਾ ਹੈ।

ਹਥਲੀ ਪੁਸਤਕ 'ਚਿੰਤਨ ਦੇ ਚਿਤੇਰੇ' ਡਾ. ਭੀਮ ਇੰਦਰ ਸਿੰਘ ਦੀ ਨੌਵੀਂ ਮੌਲਿਕ ਪੁਸਤਕ ਹੈ। ਇਸ ਪੁਸਤਕ ਦਾ ਘੇਰਾ ਕਰਤਾ ਅਨੁਸਾਰ 'ਦਸ ਸਦੀਆਂ' ਦੇ ਕਾਲ-ਖੰਡ ਤੱਕ ਫੈਲਿਆ ਹੋਇਆ ਹੈ। ਇਹ ਪੁਸਤਕ ਇੱਕ ਰਾਸ਼ਟਰ, ਇੱਕ ਭਾਸ਼ਾਈ, ਇੱਕ ਵਿਧਾ ਤੱਕ ਸੀਮਿਤ ਨਾ ਹੋ ਕੇ ਇਸ ਦਾ ਰਚਨਾਤਮਕ ਖੇਤਰ ਯੂਰਪੀ ਦਰਸ਼ਨ, ਭਾਰਤੀ ਦਰਸ਼ਨ ਅਤੇ ਪੰਜਾਬੀ ਸਾਹਿਤ ਚਿੰਤਨ ਤੱਕ ਫੈਲਿਆ ਹੋਇਆ ਹੈ। ਇਸ ਵਿਚ ਮਾਰਕਸਵਾਦੀ ਫਲਸਫੇ ਨੂੰ ਪਰਣਾਏ ਹੋਏ ਅਤੇ ਸਮਾਜ-ਪੱਖੀ, ਸਾਮਰਾਜ ਵਿਰੋਧੀ, ਵਿਦਰੋਹੀ, ਵਿਲੱਖਣਤਾ ਦੀ ਛਾਪ ਛੱਡਣ ਵਾਲੇ ਚੋਣਵੇਂ ਚਿੰਤਕਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਦੀ ਸ਼ੁਰੂਆਤ ਮਾਰਕਸ ਤੇ ਉਸ ਦੇ ਜੀਵਨ ਬਾਰੇ ਇਤਿਹਾਸਕ ਜਾਣਕਾਰੀ ਅਤੇ ਸਿਧਾਂਤਕ ਸੋਝੀ ਦੇਣ ਤੋਂ ਹੁੰਦੀ ਹੈ। ਕੇਂਦਰੀ ਚਿੰਤਕ ਵਜੋਂ ਸਥਾਨ ਡਾ. ਕੇਸਰ ਸਿੰਘ ਕੇਸਰ ਨੂੰ ਦਿੱਤਾ ਗਿਆ ਹੈ। ਇਸ ਮਜ਼ਮੂਨ ਦਾ ਕੇਂਦਰੀ ਮਹੱਤਵ ਪੁਸਤਕ ਵਿਚਲੀ ਮੱਧਵਰਤੀ ਸਥਿਤੀ ਅਤੇ ਦੂਜਾ ਇਸ ਮਜ਼ਮੂਨ ਦਾ ਬਾਕੀ ਸਾਰੇ ਲੇਖਾਂ ਨਾਲੋਂ ਵੱਡ-ਆਕਾਰੀ ਹੋਣ ਕਰਕੇ ਹੈ। ਇਸ ਲੇਖ ਦਾ ਪੁਸਤਕ ਦੇ ਸਤਾਰਾਂ ਪੰਨਿਆਂ ਉਪਰ ਫੈਲਣ ਪਿੱਛੇ ਮੂਲ ਕਾਰਨ ਚਿੰਤਕ ਦਾ ਡਾ. ਕੇਸਰ ਬਾਰੇ ਵਿਹਾਰਕ ਤੇ ਸਿਧਾਂਤਕ ਅਥਾਹ ਜਾਣਕਾਰੀ ਦਾ ਹੋਣਾ ਹੈ, ਜੋ ਕਿ ਚਿੰਤਕ ਨੂੰ ਡਾ. ਕੇਸਰ ਨਾਲ ਗੁਰੂ-ਸ਼ਿਸ਼ ਦੇ ਰਿਸ਼ਤੇ ਦੇ ਰੂਪ ਵਿਚ ਮਿਲੀ।

ਇਸ ਪੁਸਤਕ ਵਿਚ ਮੁਢਲੀ ਗੱਲ ਭਾਵ ਭੂਮਿਕਾ ਤੋਂ ਇਲਾਵਾ ਸੋਲਾਂ ਮਜ਼ਮੂਨ ਦਰਜ ਹਨ। ਤਤਕਰੇ ਅਨੁਸਾਰ 'ਮਾਰਕਸ ਹੋਣ ਦਾ ਮਤਲਬ', 'ਲੋਕ ਲਹਿਰ ਦਾ ਨਾਇਕ: ਲੈਨਿਨ', 'ਕਾਮਰੇਡ ਮਾਓ ਅਤੇ ਚੀਨ ਦੇ ਮੌਜੂਦਾ ਹਾਲਾਤ', 'ਪ੍ਰਤੀਬੱਧਤਾ ਦਾ ਪ੍ਰਤੀਕ: ਪ੍ਰੋ. ਰਣਧੀਰ ਸਿੰਘ', 'ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ: ਵਿਚਾਰਧਾਰਕ ਪਰਿਪੇਖ', 'ਦਰਵੇਸ਼ ਦਾਨਿਸ਼ਮੰਦ: ਡਾ. ਹਰਿਭਜਨ ਸਿੰਘ', 'ਡਾ. ਟੀ. ਆਰ. ਵਿਨੋਦ ਦੀ ਮਾਰਕਸੀ ਦ੍ਰਿਸ਼ਟੀ', 'ਘਰ ਦਾ ਜੋਗੀ ਜੋਗਿੜਾ: ਡਾ. ਕੇਸਰ ਸਿੰਘ ਕੇਸਰ', 'ਸੁਪਨਿਆਂ ਦਾ ਸੌਦਾਗਰ: ਸੁਤਿੰਦਰ ਸਿੰਘ ਨੂਰ', 'ਪੰਜਾਬੀ ਰਾਮ-ਕਾਵਿ ਅਤੇ ਡਾ. ਰਵਿੰਦਰ ਸਿੰਘ ਰਵੀ', 'ਡਾ. ਸੁਖਦੇਵ ਸਿੰਘ ਸਿਰਸਾ ਦੀ ਕਾਵਿ ਆਲੋਚਨਾ', 'ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੀ ਗਲਪ ਆਲੋਚਨਾ', 'ਡਾ. ਸਰਬਜੀਤ ਸਿੰਘ ਦਾ ਸਾਹਿਤ ਚਿੰਤਨ', 'ਗਦਰੀ ਬਾਬਾ ਜਵਾਲਾ ਸਿੰਘ ਠੱਠੀਆਂ', 'ਗਦਰੀ ਵਿਦਵਾਨ: ਭਾਈ ਰਤਨ ਸਿੰਘ ਰਾਏਪੁਰ ਡੱਬਾ', 'ਮਿਹਨਕਸ਼ਾਂ ਦਾ ਮੁਜੱਸਮਾ: ਕਾਮਰੇਡ ਗੰਧਰਵ ਸੈਨ ਕੋਛੜ' ਦਰਜ ਹਨ। ਮੂਲ ਪੁਸਤਕਾਂ ਤੋਂ ਇਲਾਵਾ ਡਾ. ਭੀਮ ਇੰਦਰ ਸਿੰਘ ਦੀਆਂ ਤਕਰੀਬਨ ਡੇਢ ਦਰਜਨ ਸੰਪਾਦਿਤ, ਅਨੁਵਾਦਿਤ ਅਤੇ ਸਹਿ-ਸੰਪਾਦਿਤ ਪੁਸਤਕਾਂ ਪ੍ਰਕਾਸ਼ਿਤ ਹਨ।

ਚਿੰਤਕ ਦਾ ਇਹ ਪੁਸਤਕ ਲਿਖਣ ਪਿੱਛੇ ਮੂਲ ਮਕਸਦ ਆਪਣੇ ਇਤਿਹਾਸਕ ਵਿਰਸੇ ਦੌਰਾਨ ਹੋਏ ਚਿੰਤਨ ਕਾਰਜ ਤੋਂ ਪਾਠਕਾਂ ਨੂੰ ਰੂਬਰੂ ਕਰਵਾਉਣਾ ਹੈ ਤਾਂ ਜੋ ਪਾਠਕ ਸਮਕਾਲੀ ਸਮਾਜ ਦੀ ਬਿਹਤਰੀ ਦੇ ਸਫਰ ਬਾਰੇ, ਦਰਸ਼ਨ ਬਾਰੇ, ਸਾਹਿਤ ਚਿੰਤਨ ਬਾਰੇ ਇੱਕ ਲੰਮੇ ਕਾਲ-ਖੰਡ ਜਾਂ ਇਤਿਹਾਸਕ ਪੜਾਅ ਤੋਂ ਵਰਤਮਾਨ ਬਾਰੇ ਸੋਝੀ ਪ੍ਰਾਪਤ ਕਰ ਸਕਣ। ਇਸ ਦੇ ਨਾਲ ਹੀ ਚਿੰਤਕ ਦਾ ਮਕਸਦ ਨਵ-ਯੁਵਕਾਂ ਵਿਚ ਰੈਡੀਕਲ, ਤਾਰਕਿਕ, ਵਿਗਿਆਨਕ ਅਤੇ ਬਾਹਰਮੁਖੀ ਪਹੁੰਚ ਨੂੰ ਵਿਕਸਤ ਕਰਨਾ ਵੀ ਹੈ ਤਾਂ ਜੋ ਉਹ ਸਮਾਜ ਦੀ ਬਿਹਤਰੀ ਲਈ ਸਮਾਜ ਉਸਾਰੂ, ਲੋਕ-ਪੱਖੀ ਭੂਮਿਕਾ ਅਦਾ ਕਰ ਸਕਣ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ "ਹਥਲੀ ਪੁਸਤਕ ਦਾ ਮਕਸਦ ਆਪਣੇ ਪਾਠਕਾਂ ਨੂੰ ਉਨ੍ਹਾਂ ਚਿੰਤਕਾਂ ਦੇ ਚਿੰਤਨ ਤੋਂ ਜਾਣੂ ਕਰਵਾਉਣਾ ਹੈ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਚਿੰਤਨ ਦੇ ਲੇਖੇ ਲਾਈ"। ਚਿੰਤਕ ਦਾ ਆਪਣੇ ਕਵਰ-ਵਿਊ ਉਪਰ ਸਮਕਾਲੀ ਤੇ ਭਵਿੱਖੀ ਸੰਵੇਦਨਸ਼ੀਲ ਪਾਠਕਾਂ ਦੇ ਨਾਂਅ ਸੰਦੇਸ਼ ਹੈ ਕਿ "ਲੋਕ-ਪੱਖੀ ਚਿੰਤਕ ਨੂੰ ਆਪਣਾ ਮੋਹਰੀ ਰੋਲ ਹੋਰ ਸੁਦ੍ਰਿੜਤਾ ਤੇ ਸਪੱਸ਼ਟਤਾ ਨਾਲ ਨਿਭਾਉਣਾ ਹੋਵੇਗਾ। ਸਾਨੂੰ ਆਪਣੇ ਇਨਕਲਾਬੀ ਚਿੰਤਨ ਦੇ ਵਿਰਸੇ ਤੋਂ ਪ੍ਰੇਰਨਾ ਲੈ ਕੇ ਅਗਾਂਹ ਵਧਣਾ ਹੋਵੇਗਾ। ਲੋਕਾਂ ਦੁਆਰਾ ਚਲਾਈਆਂ ਜਾ ਰਹੀਆਂ ਲਹਿਰਾਂ ਵਿਚ ਇਨਕਲਾਬੀ ਚੇਤਨਾ ਨੂੰ ਵਧਾਉਣਾ ਹੋਵੇਗਾ। ਇਸ ਮਕਸਦ ਲਈ ਸੰਘਰਸ਼ਸ਼ੀਲ ਲੋਕਾਂ ਤੇ ਚਿੰਤਕਾਂ ਦੇ ਆਪਸੀ ਸਹਿਯੋਗ ਨੂੰ ਵੀ ਮਜ਼ਬੂਤ ਕਰਨਾ ਹੋਵੇਗਾ"। ਚਿੰਤਕ ਅਨੁਸਾਰ ਮਾਰਕਸਵਾਦੀ ਫਲਸਫੇ ਨੂੰ ਹਰ ਪਾਠਕ ਵਰਗ ਤੱਕ ਸੁਹਿਰਦਤਾ ਸਹਿਤ ਪਹੁੰਚਾਉਣਾ ਅਜੋਕੇ ਸਮੇਂ ਦੀ ਮੰਗ ਅਨੁਸਾਰ 'ਅਣਸਰਦੀ ਲੋੜ' ਹੈ ਤਾਂ ਜੋ ਪੂੰਜੀਵਾਦੀ ਨਿਜਾਮ ਦੀਆਂ ਲੂੰਬੜਚਾਲਾਂ ਤੋਂ ਕਾਸ਼ਤਕਾਰ, ਮੱਧਵਰਗ ਚੇਤਨ ਹੋ ਸਕੇ ਅਤੇ ਆਪਣੀ ਬੌਧਿਕ ਸੋਝੀ ਨੂੰ ਪ੍ਰਚੰਡ ਕਰਦਾ ਹੋਇਆ ਲੋਕ ਹੱਕਾਂ ਲਈ ਝੰਡਾ-ਬਰਦਾਰ ਬਣ ਸਕੇ।

ਪਹਿਲੇ ਲੇਖ ਵਿਚ ਚਿੰਤਕ ਵੱਲੋਂ ਮਾਰਕਸ ਦੇ ਜੀਵਨ ਵਿਚ ਵਾਪਰੀਆਂ ਪ੍ਰਮੁੱਖ ਘਟਨਾਵਾਂ ਅਤੇ ਉਸ ਸਮੇਂ ਰਾਜਨੀਤਕ, ਸਮਾਜਿਕ, ਸੱਭਿਆਚਾਰਕ ਸਥਿਤੀ ਦਾ ਵਰਣਨ ਹੈ। ਉਸ ਨੇ ਪ੍ਰਤੀਕੂਲ ਹਾਲਤਾਂ ਪ੍ਰਤੀ ਕੀ ਪ੍ਰਤੀਕਰਮ ਅਪਣਾਇਆ ਅਤੇ ਅੰਤ ਆਪਣੇ ਸਮਾਜਿਕ ਪੁਜ਼ੀਸ਼ਨ ਪ੍ਰਤੀ ਕਿਸ ਤਰ੍ਹਾਂ ਆਪਣੀ ਜਮਾਤ ਵਿਰੋਧੀ ਰੋਲ ਅਦਾ ਕੀਤਾ ਆਦਿ ਬਾਰੇ ਵਰਣਨ ਹੈ। ਅੰਤ ਉਸ ਦੇ ਸਿਧਾਂਤ ਤੇ ਸਿਧਾਂਤਕ ਸੋਝੀ ਪਿੱਛੇ ਕਿਹੜੀਆਂ ਸ਼ਕਤੀਆਂ ਦਾ ਹੱਥ ਰਿਹਾ, ਦੇ ਬਾਰੇ ਜਾਣੂ ਕਰਵਾਇਆ ਹੈ। ਦੂਜੇ ਲੇਖ ਵਿਚ ਲੈਨਿਨ ਦੇ ਮਾਰਕਸਵਾਦੀ ਫਲਸਫੇ ਨੂੰ ਆਪਣੇ ਮੁਲਕ ਦੀਆਂ ਇਤਿਹਾਸਕ ਲੋੜਾਂ ਅਨੁਸਾਰ ਢਾਲਣ ਬਾਰੇ ਅਤੇ ਉਸ ਦੇ ਮਾਰਕਸਵਾਦੀ ਸਿਧਾਂਤਾਂ ਨੂੰ ਲਾਗੂ ਕਰਨ ਪਿੱਛੇ ਪੇਸ਼ ਆਈਆਂ ਇਤਿਹਾਸਕ, ਰਾਜਨੀਤਕ, ਸੱਭਿਆਚਾਰਕ ਔਕੜਾਂ ਬਾਰੇ ਅਤੇ ਪਰਿਵਰਤਿਤ ਹਾਲਤਾਂ ਅਨੁਸਾਰ ਰੂਪਾਂਤਰਿਤ ਮਾਰਕਸਵਾਦੀ ਸਿਧਾਂਤਾਂ ਨੂੰ ਲਾਗੂ ਕਰਨ ਦੇ ਸਫਰ ਬਾਰੇ ਸੋਝੀ ਪ੍ਰਦਾਨ ਕੀਤੀ ਗਈ ਹੈ। ਚਿੰਤਕ ਅਨੁਸਾਰ ਲੈਨਿਨ ਇਕ ਕੁਸ਼ਲ ਨੇਤਾ ਸਾਬਿਤ ਹੋਇਆ। ਮਾਓ ਸੰਬੰਧੀ ਟਿੱਪਣੀ ਕਰਦਾ ਚਿੰਤਕ ਆਖਦਾ ਹੈ ਕਿ ਮਾਰਕਸਵਾਦ ਰੂਸ ਤੋਂ ਬਾਅਦ ਪ੍ਰਸਥਿਤਿਕ ਬਦਲਾਵਾਂ ਨਾਲ ਮਾਓ ਦੀ ਕਮਾਨ ਹੇਠ ਚੀਨ ਵਿਚ ਉੱਭਰਿਆ ਅਤੇ ਉਥੋਂ ਦੀਆਂ ਸਮਾਜਿਕ ਸਥਿਤੀਆਂ ਅਨੁਸਾਰ ਆਪਣੇ ਮੂਲ ਸਿਧਾਂਤਕ ਚੌਖਟੇ ਅਨੁਸਾਰ ਤਬਦੀਲੀ ਦਾ ਨਿਯਮ ਅਪਣਾਉਂਦਾ ਹੋਇਆ ਨਵੇਂ ਪੂਰ ਵਿਚ ਸਫਲ ਹੋਇਆ। ਇਸ ਪਿੱਛੇ ਮਾਓ ਦੀ ਯੋਗ ਅਗਵਾਈ ਦਾ ਬਹੁਤ ਵੱਡਾ ਰੋਲ ਹੈ। ਚੌਥੇ ਮਜ਼ਮੂਨ ਵਿਚ ਪ੍ਰੋ. ਰਣਧੀਰ ਸਿੰਘ ਚਿੰਤਕ ਦੀ ਨਜ਼ਰ ਵਿਚ ਮਾਰਕਸਵਾਦ ਦੀ ਡੂੰਘੀ ਸਮਝ ਰੱਖਣ ਵਾਲਾ ਦਾਰਸ਼ਨਿਕ ਸੀ ਅਤੇ ਸਾਨੂੰ ਉਸ ਦੀਆਂ ਲਿਖਤਾਂ ਨੂੰ ਪੜ੍ਹਨ ਉਪਰੰਤ ਸਮਝ ਕੇ ਭਵਿੱਖ ਵਿਚ ਸਮਾਜ ਪ੍ਰਤੀ ਕੁਝ ਅਗਾਂਹਵਧੂ ਪ੍ਰਗਤੀਸ਼ੀਲ ਕਾਰਜ ਵੱਲ ਤੱਤਪਰ ਹੋਣ ਦੀ ਲੋੜ ਹੈ। ਪ੍ਰੋ. ਕਿਸ਼ਨ ਸਿੰਘ ਉਨ੍ਹਾਂ ਵੱਲੋਂ ਇਕ ਪਹਿਲੀ ਪੀੜ੍ਹੀ ਦਾ ਉਹ ਮਾਰਕਸਵਾਦੀ ਚਿੰਤਕ ਹੈ, ਜਿਸ ਨੇ ਇਤਿਹਾਸਕ ਦਾਰਸ਼ਨਿਕ ਪਰੰਪਰਾਵਾਂ ਤੋਂ ਸੇਧ ਲੈਂਦੇ ਹੋਏ ਆਪਣੇ ਹੀ ਮਾਰਕਸਵਾਦੀ ਸਾਹਿਤ ਚਿੰਤਨ ਵੱਲ ਤਾਰਕਿਕ ਅਪਰੋਚ ਅਪਣਾਈ ਤੇ ਡਾ. ਸੇਖੋਂ ਦੀ ਮਕਾਨਕੀ, ਸਿਧੜ ਮਾਰਕਸਵਾਦੀ ਧਾਰਨਾ ਦਾ ਵਿਸ਼ਲੇਸ਼ਣ ਦਲੀਲ ਨਾਲ ਕੀਤਾ। ਉਸ ਦੀ ਪਹੁੰਚ ਸਾਹਿਤਕ ਕਿਰਤਾਂ ਵਿਚੋਂ ਇਨਕਲਾਬੀ, ਵਿਦਰੋਹੀ, ਆਵਾਮ-ਪੱਖੀ ਤੱਥ ਤਲਾਸ਼ਣ ਵਾਲੀ ਰਹੀ। ਚਿੰਤਕ ਦੀ ਨਜ਼ਰ ਵਿਚ ਪ੍ਰੋ. ਕਿਸ਼ਨ ਸਿੰਘ ਮਾਰਕਸਵਾਦੀ ਦਵੰਦਵਾਦੀ-ਪਦਾਰਥਵਾਦੀ ਦ੍ਰਿਸ਼ਟੀਕੋਣ ਅਨੁਸਾਰ ਵਿਆਖਿਆ ਕਰਨ ਵਾਲਾ ਪਹਿਲਾ ਆਲੋਚਕ ਹੈ। ਡਾ. ਹਰਿਭਜਨ ਸਿੰਘ ਨੌਵੇਂ ਦਹਾਕੇ ਵਿਚ ਮਾਰਕਸਵਾਦੀ ਆਲੋਚਨਾ ਨਾਲ ਦਸਤਪੰਜਾ ਲੈਣ ਵਾਲਾ ਅਤੇ ਕਾਵਿ-ਸ਼ਾਸਤਰੀ ਸੁਹਜਵਾਦੀ ਨਜ਼ਰੀਆ ਰੱਖਣ ਵਾਲਾ ਰੈਡੀਕਲ ਚਿੰਤਕ ਹੈ, ਜਿਸ ਨੇ ਪਰੰਪਰਾ ਦੀ ਪੈੜ ਵਿਚ ਪੈੜ ਨਾ ਮਿਲਾਉਂਦੇ ਹੋਏ ਆਪਣੇ ਵੱਖਰੇ ਨਕਸ਼ ਉਲੀਕੇ। ਉਸ ਦੀ ਸਾਹਿਤ ਚਿੰਤਨ ਪ੍ਰਤੀ ਅਪਣਾਈ ਵਿਲੱਖਣ ਸਾਹਿਤ ਅਧਿਐਨ ਦ੍ਰਿਸ਼ਟੀ ਲਈ ਪੰਜਾਬੀ ਸਾਹਿਤ ਚਿੰਤਨ ਹੋਰ ਅਮੀਰ ਹੋ ਗਿਆ। ਚਿੰਤਕ ਦੀ ਨਜ਼ਰ ਵਿਚ ਸਾਹਿਤ ਸ਼ਾਸ਼ਤਰੀ ਸੰਵਾਦ ਨੂੰ ਅੱਗੇ ਤੋਰਨ ਅਤੇ ਦਿੱਲੀ ਸਕੂਲ ਦੇ ਮੋਢੀ ਵਜੋਂ ਉਸ ਦਾ ਕੀਤਾ ਕਾਰਜ ਲਾਸਾਨੀ ਹੈ। ਡਾ. ਹਰਿਭਜਨ ਸਿੰਘ ਤੋਂ ਬਾਅਦ ਇਸ ਸਕੂਲ ਨੂੰ ਵਿਕਾਸਮੁਖੀ ਰਾਹ ਉੱਤੇ ਤੋਰਨ ਵਿਚ ਡਾ. ਸੁਤਿੰਦਰ ਸਿੰਘ ਨੂਰ ਦਾ ਡਾ. ਹਰਿਭਜਨ ਸਿੰਘ ਤੋਂ ਬਾਅਦ ਦੂਜਾ ਸਥਾਨ ਹੈ। ਚਿੰਤਕ ਦੀ ਨਜ਼ਰ ਵਿਚ ਡਾ. ਨੂਰ ਦੀ ਪ੍ਰਤੀਬੱਧਤਾ ਪਹਿਲਾਂ ਕਵਿਤਾ ਪ੍ਰਤੀ ਹੈ, ਬਾਅਦ ਵਿਚ ਸਾਹਿਤ ਅਧਿਐਨ ਪ੍ਰਤੀ, ਉਨ੍ਹਾਂ ਅਨੁਸਾਰ ਡਾ. ਨੂਰ ਨੂੰ ਸਾਹਿਤ ਤੇ ਸੁਹਜ ਸ਼ਾਸ਼ਤਰੀ ਮਸਲੇ ਮਜ਼ਬੂਰੀ ਵਜੋਂ ਅਧਿਆਪਨ ਦੇ ਕਿੱਤੇ ਨੂੰ ਪ੍ਰਫੁੱਲਿਤ ਕਰਨ ਵਜੋਂ ਉਠਾਉਣੇ ਪਏ। ਮਜਬੂਰੀਵੱਸ ਹੀ ਸਹੀ, ਪਰ ਸਾਹਿਤ ਅਧਿਐਨ ਪ੍ਰਤੀ ਸੰਵਾਦੀ ਰੁਖ 'ਇਕੱਤੀ ਫਰਵਰੀ' ਦੇ ਮਾਧਿਅਮ ਦੁਆਰਾ ਪੰਜਾਬੋਂ ਬਾਹਰ ਦੇਸ਼ਾਂ-ਵਿਦੇਸ਼ਾਂ ਵਿਚ ਵੀ ਸਲਾਹਿਆ ਗਿਆ। ਡਾ. ਟੀ. ਆਰ. ਵਿਨੋਦ ਚਿੰਤਕ ਦੀ ਨਜ਼ਰ ਵਿਚ ਉਹ ਮਾਰਕਸਵਾਦੀ ਚਿੰਤਕ ਹੈ, ਜਿਸ ਨੇ ਬਹੁ-ਵਿਧਾਵੀ ਸਾਹਿਤ ਸ਼ਾਸਤਰੀ ਮਸਲਿਆਂ ਨੂੰ ਵਿਚਾਰਿਆ। ਡਾ. ਵਿਨੋਦ ਨੇ ਮਾਰਕਸਵਾਦੀ ਸਿਧਾਂਤਕ ਚੌਖਟੇ ਤੋਂ ਸੋਝੀ ਲੈਣ ਉਪਰੰਤ ਮੂਲ ਟੈਕਸਟ ਵਿੱਚੋਂ ਮੌਲਿਕ ਸਿਧਾਂਤ ਤਲਾਸ਼ਣ ਦੀ ਤਜਵੀਜ਼ ਪੇਸ਼ ਕੀਤੀ, ਜੋ ਕਿ ਓਪਰਾ ਨਾ ਹੋਵੇ, ਬਲਕਿ ਕਿਸੇ ਵੀ ਸਾਹਿਤਕ ਕਿਰਤ ਨੂੰ ਉਸ ਦੇ ਵਸਤੂ ਅਨੁਸਾਰ ਸਮਾਜਿਕ, ਰਾਜਨੀਤਕ, ਸੱਭਿਆਚਾਰਕ, ਆਰਥਿਕ ਵਸੀਲਿਆਂ ਵਿੱਚੋਂ ਉਤਪੰਨ ਹਾਲਤਾਂ ਨੂੰ ਦਰਸਾਉਂਦਾ ਹੋਵੇ। ਜਿਸ ਦਾ ਸੰਬੰਧ ਸਮੇਂ ਅਤੇ ਸਥਿਤੀ ਅਨੁਸਾਰ ਢੁਕਵਾਂ ਹੋਵੇ। ਡਾ. ਵਿਨੋਦ ਨੇ ਮਾਂਗਵੀ ਸਿਧਾਂਤਕਾਰੀ ਨਾਲ ਸੰਵਾਦ ਰਚਾਇਆ। ਡਾ. ਕੇਸਰ ਸਿੰਘ ਪ੍ਰਤੀ ਚਿੰਤਕ ਦੀ ਵਿਹਾਰਕ ਤੇ ਸਿਧਾਂਤਕ ਸੋਝੀ ਅਥਾਹ ਹੈ। ਮੁਲਾਕਾਤੀ ਅੰਸ਼ਕ ਸ਼ੈਲੀ ਵਿਚ ਲਿਖਿਆ ਇਹ ਮਜ਼ਮੂਨ ਬੇਸ਼ੱਕ ਡਾ. ਕੇਸਰ ਦੇ ਰਚਨਾਤਮਿਕ ਸਿਧਾਂਤ ਸਿਰਜਕ ਦੇ ਪੱਖ ਨੂੰ ਘੱਟ ਉਘਾੜਦਾ ਹੈ, ਪਰ ਇਸ ਵਿਚ ਡਾ. ਕੇਸਰ ਨਾਲ ਹੋਈ ਚਿੰਤਕ ਦੀ ਵਾਰਤਾਲਾਪ ਦੇ ਵਿਖਿਆਨ ਵਿਚੋਂ ਇਤਿਹਾਸਕ ਸਮਾਜ, ਵਰਤਮਾਨ ਤਬਦੀਲੀਆਂ ਅਤੇ ਉਸ ਦੇ ਵਿਸ਼ਵ ਦ੍ਰਿਸ਼ਟੀਕੋਣ ਬਾਰੇ ਇਕ ਸਮਾਜ ਪ੍ਰਤੀ ਚੇਤਨ ਤੇ ਚਿੰਤਤ ਚਿੰਤਕ ਹੋਣ ਬਾਰੇ ਭਰਭੂਰ ਜਾਣਕਾਰੀ ਮਿਲਦੀ ਹੈ। ਲੇਖ ਦੇ ਅੰਤ ਵਿਚ ਪ੍ਰਤੀਕਾਤਮਕ ਰੂਪ ਵਿਚ ਇਹ ਵੀ ਖੁਲਾਸਾ ਹੈ ਕਿ ਡਾ. ਕੇਸਰ 'ਘਰ ਦਾ ਜੋਗੀ' ਕਿਉਂ ਜੋਗਿੜਾ ਸੀ। ਡਾ. ਰਵੀ ਦੇ ਰਾਮ-ਕਾਵਿ ਦੀ ਪ੍ਰਾਪਤੀ ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਵਿਚ ਰਾਮ ਦੇ ਅਵਤਾਰਵਾਦੀ ਰੂਪ ਨੂੰ ਨਾ ਉਘਾੜਦੇ ਹੋਏ ਉਸ ਨੂੰ ਦਿਵਯ ਸ਼ਕਤੀ ਨਾ ਮੰਨਦੇ ਹੋਏ; ਇਕ ਸਮਾਜ ਦੀ ਆਦਰਸ਼ਵਾਦੀ ਸ਼ਖਸੀਅਤ ਵਜੋਂ ਪੇਸ਼ ਕਰਨ ਅਤੇ ਲੋਕ ਕਲਿਆਣਕਾਰੀ ਸ਼ਖਸੀਅਤ ਵਜੋਂ ਉਭਾਰਨ ਕਰਕੇ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੂੰ ਚਿੰਤਕ ਇਕ ਅਜਿਹੇ ਮਾਰਕਸਵਾਦੀ ਸਾਹਿਤ ਆਲੋਚਕ ਵਜੋਂ ਪੇਸ਼ ਕਰਦਾ ਹੈ, ਜਿਸ ਦੀਆਂ ਲਿਖਤਾਂ ਅਜੋਕੀ ਪੀੜ੍ਹੀ ਲਈ ਮੁੱਲਵਾਨ ਹਨ। ਉਸ ਦਾ ਸਾਹਿਤ ਨੂੰ ਵਾਚਣ ਦਾ ਨਜ਼ਰੀਆ ਡਾ. ਰਵੀ ਦੀ ਤਰ੍ਹਾਂ ਸਾਹਿਤ ਦੀਆਂ ਸਮਾਜ-ਸ਼ਾਸਤਰੀ ਲੋੜਾਂ ਵਿਚੋਂ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ ਹਾਲਤਾਂ ਵਿਚੋਂ ਉੱਘੜਦਾ ਹੈ। ਉਹ ਮੂਲ ਲਿਖਤ ਵਿੱਚੋਂ ਨਿਯਮਾਂ ਨੂ

3-Dec-Sunday.qxd 12/2/2023 11:02 PM Page 6

ਪੰਜਾਬੀ ਸਾਹਿਤ ਅਕਾਦਮੀ ਵੱਲੋਂ ਕਹਾਣੀ ਗੋਸ਼ਟੀ

ਮਾਹਿਲਪੁਰ : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਬੰਧਾਂ ਅਧੀਨ ਚੱਲ ਰਹੇ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਕਾਲਜ ਦੇ ਗਦਰੀ ਬਾਬਾ ਹਰਜਾਪ ਸਿੰਘ ਕਨਵੈਨਸ਼ਨ ਹਾਲ ਵਿੱਚ ਇਕ ਰੋਜ਼ਾ ਕਹਾਣੀ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਹਾਜ਼ਰ ਹੋਏ ਚਰਚਿਤ ਸੱਤ ਕਹਾਣੀਕਾਰਾਂ ਨੇ ਕਹਾਣੀ ਲਿਖਣ ਦੇ ਸਿਧਾਂਤ ਬਾਰੇ ਅਤੇ ਆਪਣੀਆਂ ਕਹਾਣੀਆਂ ਦੀ ਰਚਨ ਪ੍ਰਕਿਰਿਆ ਬਾਰੇ ਖੁੱਲ੍ਹ ਕੇ ਵਿਚਾਰ-ਚਰਚਾ ਕੀਤੀ।

ਸਮਾਰੋਹ ਦੇ ਆਰੰਭ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਹਾਜ਼ਰ ਮਹਿਮਾਨ ਕਹਾਣੀਕਾਰਾਂ, ਸਾਹਿਤ ਅਕਾਦਮੀ ਦੇ ਅਹੁਦੇਦਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਉਨ੍ਹਾ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਫੈਲਾਅ ਲਈ ਅਜਿਹੇ ਸਮਾਰੋਹ ਯਾਦਗਾਰੀ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਅਕਾਦਮੀ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਕਾਦਮੀ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ। ਸਮਾਰੋਹ ਦੇ ਪਹਿਲੇ ਸੈਸ਼ਨ ਦੀ ਪੈਨਲ ਚਰਚਾ ਵਿੱਚ ਸੂਤਰਧਾਰ ਵਜੋਂ ਡਾ. ਜੇ ਬੀ ਸੇਖੋਂ ਨੇ ਸਮਕਾਲ ਵਿੱਚ ਰਚੀ ਜਾ ਰਹੀ ਕਹਾਣੀ ਬਾਰੇ ਚਰਚਾ ਕੀਤੀ ਅਤੇ ਪੈਨਲ ਵਿੱਚ ਸ਼ਾਮਲ ਕਹਾਣੀਕਾਰਾਂ ਬਲਵਿੰਦਰ ਸਿੰਘ ਗਰੇਵਾਲ, ਮੁਖਤਿਆਰ ਸਿੰਘ ਅਤੇ ਤ੍ਰਿਪਤਾ ਕੇ. ਸਿੰਘ ਦੀਆਂ ਕਹਾਣੀਆਂ ਦੇ ਵਿਸ਼ੇ ਅਤੇ ਕਲਾ ਪੱਖ ਬਾਰੇ ਵਿਚਾਰ ਰੱਖੇ। ਬਲਵਿੰਦਰ ਸਿੰਘ ਗਰੇਵਾਲ ਨੇ ਕਹਾਣੀ ਵਿੱਚ ਭਾਸ਼ਾ, ਪਾਤਰਾਂ ਅਤੇ ਘਟਨਾਵਾਂ ਦੇ ਹਵਾਲੇ ਨਾਲ ਚਰਚਾ ਕਰਦਿਆਂ ਆਪਣੀਆਂ ਕਹਾਣੀਆਂ ਦੇ ਰਚਨਾ ਸਰੋਤਾਂ ਬਾਰੇ ਦੱਸਿਆ। ਕਹਾਣੀਕਾਰ ਮੁਖਤਿਆਰ ਸਿੰਘ ਨੇ ਆਪਣੀਆਂ ਕਹਾਣੀਆਂ ਦੀ ਰਚਨ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕਰਦਿਆਂ ਆਪਣੇ ਨਿੱਜੀ ਅਨੁਭਵ ਨੂੰ ਕਹਾਣੀ ਲਿਖਣ ਦੀ ਮੁੱਢਲੀ ਸ਼ਰਤ ਦੱਸਿਆ। ਤ੍ਰਿਪਤਾ ਕੇ. ਸਿੰਘ ਨੇ ਕਿਹਾ ਕਿ ਉਨ੍ਹਾ ਆਪਣੀਆਂ ਕਹਾਣੀਆਂ ਵਿੱਚ ਔਰਤ ਦੀ ਅਸਲ ਆਜ਼ਾਦੀ ਦੇ ਅਰਥਾਂ ਨੂੰ ਜ਼ੁਬਾਨ ਦੇਣ ਦੀ ਕੋਸ਼ਿਸ਼ ਕੀਤੀ ਹੈ। ਡਾਕਟਰ ਸੇਖੋਂ ਨੇ ਸਮੁੱਚੇ ਸੰਵਾਦ ਬਾਰੇ ਆਪਣੇ ਪ੍ਰਭਾਵ ਪੇਸ਼ ਕੀਤੇ ਅਤੇ ਲੇਖਕ ਤੇ ਪਾਠਕ ਦੋਵਾਂ ਨੂੰ ਸਿਰਜਣਾ ਦੇ ਅਹਿਮ ਸੂਤਰ ਦੱਸਿਆ। ਦੂਜੇ ਸੈਸ਼ਨ ਦੀ ਪੈਨਲ ਚਰਚਾ ਵਿੱਚ ਸੂਤਰਧਾਰ ਵਜੋਂ ਕਹਾਣੀਕਾਰ ਭਗਵੰਤ ਰਸੂਲਪੁਰੀ ਨੇ ਗਲਪਕਾਰ ਬਲਬੀਰ ਪਰਵਾਨਾ, ਕਹਾਣੀਕਾਰ ਜਿੰਦਰ ਅਤੇ ਕਹਾਣੀਕਾਰ ਸਾਂਵਲ ਧਾਮੀ ਨਾਲ ਜਾਣ-ਪਛਾਣ ਕਰਵਾਈ ਅਤੇ ਅਸਲ ਪਾਤਰਾਂ ਨੂੰ ਕਹਾਣੀ ਵਿੱਚ ਢਾਲਣ ਦੀਆਂ ਵਿਧੀਆਂ ਤੇ ਘਾੜਤ ਬਾਰੇ ਵਿਚਾਰ-ਚਰਚਾ ਕੀਤੀ। ਪਰਵਾਨਾ ਨੇ ਕਾਰਪੋਰੇਟ ਵਿਕਾਸ ਮਾਡਲ ਦਾ ਪ੍ਰਤੀ ਉੱਤਰ ਸਿਰਜਦੀਆਂ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੀ ਖੁਦਮੁਖਤਿਆਰੀ ਬਾਰੇ ਵਿਚਾਰ ਰੱਖੇ। ਜਿੰਦਰ ਨੇ ਹਿੰਦੀ, ਅੰਗਰੇਜ਼ੀ, ਮਰਾਠੀ ਅਤੇ ਹੋਰ ਭਾਸ਼ਾਵਾਂ ਵਿੱਚ ਰਚੇ ਕਲਾਸੀਕਲ ਸਾਹਿਤ ਦੇ ਅਧਿਐਨ ਨੂੰ ਆਪਣੀਆਂ ਕਹਾਣੀਆਂ ਦਾ ਮੁੱਖ ਸਰੋਤ ਦੱਸਿਆ। ਸਾਂਵਲ ਧਾਮੀ ਨੇ ਸੰਤਾਲੀ ਦੇ ਦੁਖਾਂਤ, ਸਿੱਖਿਆ ਪ੍ਰਬੰਧ ਦੀਆਂ ਖਾਮੀਆਂ ਅਤੇ ਦੰਪਤੀ ਜੀਵਨ ਬਾਰੇ ਲਿਖੀਆਂ ਕਹਾਣੀਆਂ ਦੀ ਰਚਨ ਪ੍ਰਕਿਰਿਆ ਸਾਂਝੀ ਕੀਤੀ। ਦੋਵਾਂ ਸੈਸ਼ਨਾਂ ਦੀ ਪੈਨਲ ਚਰਚਾ ਵਿੱਚ ਹਾਜ਼ਰ ਕਹਾਣੀਕਾਰਾਂ ਨੇ ਵਿਦਿਆਰਥੀਆਂ ਵੱਲੋਂ ਸਾਹਿਤ ਦੀ ਹੋਂਦ ਵਿਧੀ ਬਾਰੇ ਪੁੱਛੇ ਸਵਾਲਾਂ ਦੇ ਮਿਸਾਲਾਂ ਸਹਿਤ ਜਵਾਬ ਦਿੱਤੇ।

ਸਮਾਰੋਹ ਮੌਕੇ ਅਕਾਦਮੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਕਹਾਣੀ ਗੋਸ਼ਟੀ ਦੇ ਸਮੁੱਚੇ ਪ੍ਰਭਾਵ ਸਾਂਝੇ ਕੀਤੇ ਅਤੇ ਕਾਲਜ ਦੇ ਪ੍ਰਬੰਧਕਾਂ ਨੂੰ ਅਜਿਹੇ ਸਮਾਰੋਹਾਂ ਲਈ ਅੱਗੇ ਤੋਂ ਵੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ ਅਤੇ ਅਜਿਹੇ ਸਮਾਰੋਹਾਂ ਤੋਂ ਵਿਦਿਆਰਥੀਆਂ ਨੂੰ ਸਿੱਖਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਨਮਾਨ ਸਮਾਰੋਹ ਦੀ ਕਾਰਵਾਈ ਵਿਭਾਗ ਵੱਲੋਂ ਡਾ. ਬਲਵੀਰ ਕੌਰ ਨੇ ਚਲਾਈ ਅਤੇ ਹਾਜ਼ਰ ਲੇਖਕਾਂ ਦਾ ਪੁਸਤਕਾਂ ਦੇ ਸੈੱਟਾਂ ਨਾਲ ਸਨਮਾਨ ਕੀਤਾ ਗਿਆ।

ਸਮਾਰੋਹ ਮੌਕੇ ਲੇਖਕ ਅਤੇ ਸੇਵਾ-ਮੁਕਤ ਐੱਸ ਡੀ ਐੱਮ ਰਾਮ ਸਿੰਘ, ਵੀਰਇੰਦਰ ਸ਼ਰਮਾ, ਲੇਖਕ ਸੁਰਿੰਦਰ ਸਿੰਘ ਸੁੰਨੜ, ਉੱਪ ਪ੍ਰਿੰ. ਅਰਾਧਨਾ ਦੁੱਗਲ, ਲੇਖਕ ਅਤੇ ਫਿਲਮਕਾਰ ਬਖਸ਼ਿੰਦਰ, ਕਪਿਲ ਸ਼ਰਮਾ, ਸ਼ਾਇਰ ਨਵਤੇਜ ਗੜ੍ਹਦੀਵਾਲਾ, ਅਮਰੀਕ ਡੋਗਰਾ, ਲੇਖਕ ਦੀਪ ਜਗਦੀਪ ਸਿੰਘ, ਸੋਮ ਦੱਤ ਦਿਲਗੀਰ, ਲੇਖਕ ਬਲਜਿੰਦਰ ਮਾਨ, ਅਵਤਾਰ ਲੰਗੇਰੀ, ਪ੍ਰੀਤ ਨੀਤਪੁਰ, ਅਮਰਜੀਤ ਸਿੰਘ, ਪ੍ਰਿੰ ਸੋਹਣ ਸਿੰਘ ਸੂੰਨੀ, ਪ੍ਰਿੰ. ਸੁਰਿੰਦਰਪਾਲ ਪਰਦੇਸੀ, ਪ੍ਰਿੰ. ਸਰਬਜੀਤ ਸਿੰਘ, ਵਿਜੇ ਬੰਬੇਲੀ, ਜੀਵਨ ਚੰਦੇਲੀ, ਬੱਗਾ ਸਿੰਘ ਚਿੱਤਰਕਾਰ, ਤਲਵਿੰਦਰ ਹੀਰ, ਰਣਜੀਤ ਪੋਸੀ ਆਦਿ ਸਮੇਤ ਪੰਜਾਬੀ ਵਿਭਾਗ ਦੇ ਸਮੂਹ ਅਧਿਆਪਕਾਂ ਵਿੱਚ ਡਾ. ਪ੍ਰਭਜੋਤ ਕੌਰ, ਪ੍ਰੋ. ਜਸਦੀਪ ਕੌਰ, ਪ੍ਰੋ. ਅਸ਼ੋਕ ਕੁਮਾਰ, ਕਾਲਜ ਦਾ ਸੀਨੀਅਰ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

‘ਮੱਲ੍ਹਮ’ ’ਤੇ ਵਿਚਾਰ-ਗੋਸ਼ਟੀ

ਟੋਰਾਂਟੋ-ਬੀਤੇ ਦਿਨੀਂ ਬਰੈਂਪਟਨ ਦੇ ਪੀਅਰਸਨ ਕਨਵੈਨਸ਼ਨ ਸੈਂਟਰ ਵਿਖੇ ਡਾ. ਕੁਲਜੀਤ ਸਿੰਘ ਜੰਜੂਆ ਦੇ ਪਲੇਠੇ ਕਾਵਿ ਸੰਗ੍ਰਹਿ ‘ਮੱਲ੍ਹਮ’ ਦੇ ਲੋਕ ਅਰਪਣ ਅਤੇ ਵਿਚਾਰ-ਚਰਚਾ ਦਾ ਆਯੋਜਨ ਭਾਸ਼ਾ ਮਾਹਰ ਬਲਰਾਜ ਚੀਮਾ ਦੀ ਪ੍ਰਧਾਨਗੀ ਅਧੀਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿਸ਼ਵ ਸ਼ਾਂਤੀ ਲਈ ਅਰਦਾਸ ਨਾਲ ਕੀਤੀ ਗਈ।

ਸ਼ਾਇਰ ਡਾ. ਜੰਜੂਆ ਦੀ ਜਾਣ-ਪਛਾਣ ਸੋਨੀਆ ਮਨਜਿੰਦਰ ਸੰਪਾਦਕ ‘ਪੰਜਾਬੀ ਨਕਸ਼’ ਮੈਗਜ਼ੀਨ ਨੇ ਕਰਵਾਈ। ਉਸ ਨੇ ਪੁਸਤਕ ਦੀਆਂ ਕਵਿਤਾਵਾਂ ਦੇ ਮੂਲ ਸਰੋਕਾਰਾਂ ਦੀ ਗੱਲ ਵੀ ਕੀਤੀ। ਇਸ ਤੋਂ ਬਾਅਦ ਸ਼ਾਇਰ ਜਸਬੀਰ ਸ਼ਮੀਲ ਨੇ ਆਪਣੇ ਆਲੋਚਨਾ ਪੱਤਰ ਵਿੱਚ ਮਨੁੱਖ ਅਤੇ ਪ੍ਰਕਿਰਤੀ ਦੇ ਰਿਸ਼ਤੇ, ਕਲਪਣਾ ਸੁਹਜ, ਸਮਕਾਲੀ ਦੌਰ ਵਿੱਚ ਕਵਿਤਾਵਾਂ ਦਾ ਯੋਗਦਾਨ, ਪੂੰਜੀਵਾਦ ਦੇ ਮਾਰੂ ਪ੍ਰਭਾਵ ਤਹਿਤ ‘ਮੱਲ੍ਹਮ’ ਦੀ ਸਮੁੱਚੀ ਸ਼ਾਇਰੀ ਨੂੰ ਪੜਚੋਲਿਆ। ਸ਼ਾਇਰਾ ਸੁਰਜੀਤ ਟੋਰਾਂਟੋ ਨੇ ਪੁਸਤਕ ਦੀ ਕਾਵਿ ਭਾਸ਼ਾ ਨੂੰ ਆਧਾਰ ਬਣਾ ਕੇ ਪੁਸਤਕ ਵਿਚਲੀ ਸ਼ਾਇਰੀ ਦੇ ਅਲੰਕਾਰ, ਬਿੰਬ, ਭਾਸ਼ਾ, ਸ਼ੈਲੀ, ਪ੍ਰਤੀਕ ਵਿਧਾਨ ’ਤੇ ਭਰਪੂਰ ਚਰਚਾ ਕੀਤੀ। ਸ਼ਾਇਰ ਭੁਪਿੰਦਰ ਦੂਲੇ ਅਤੇ ਮਲਵਿੰਦਰ ਨੇ ਸਮਾਜਿਕ ਪਸਾਰਾਂ ’ਤੇ ਗੱਲ ਕਰਦਿਆਂ ਪੁਸਤਕ ਵਿਚਲੀ ਸ਼ਾਇਰੀ ਦੇ ਮਾਨਵਵਾਦੀ ਖਾਸੇ ਨੂੰ ਉਭਾਰਿਆ। ਉਪਰੰਤ ਤਲਵਿੰਦਰ ਮੰਡ ਨੇ ਸੋਸ਼ਲ ਮੀਡੀਆ ਯੁੱਗ ’ਚ ਲਿਖੀ ਜਾ ਰਹੀ ਕਵਿਤਾ ਨੂੰ ਭਾਵਨਾਵਾਂ ਤੋਂ ਹੀਣੀ ਕਿਹਾ, ਪਰ ਜੰਜੂਆ ਦੀ ਕਵਿਤਾ ਵਿੱਚ ਉਸ ਦਾ ਪਿਛੋਕੜ, ਵਿਰਸਾ, ਯਾਦਾਂਮਅਤੇ ਉਸ ਦੀ ਪੂਰੀ ਸ਼ਖਸੀਅਤ ਵਿਦਮਾਨ ਹੈ।

ਜਗੀਰ ਸਿੰਘ ਕਾਹਲੋਂ ਨੇ ਕਵਿਤਾਵਾਂ ਨੂੰ ਮੱਲ੍ਹਮ ਵਾਂਗ ਸਕੂਨ ਦੇਣ ਵਾਲੀਆਂ ਕਿਹਾ। ਪਿਆਰਾ ਸਿੰਘ ਕੁੱਦੋਵਾਲ ਨੇ ਇਕ ਕਵਿਤਾ ਨੂੰ ਤਰਨੰਮ ਵਿਚ ਪੇਸ਼ ਕੀਤਾ। ਪ੍ਰੋਗਰਾਮ ਦੌਰਾਨ ਉਪਕਾਰ ਸਿੰਘ, ਇਕਬਾਲ ਬਰਾੜ, ਰਿੰਕੂ ਭਾਟੀਆ, ਮਨਪ੍ਰੀਤ ਕੌਰ ਬਾਵਾ ਦੀ ਮਿੱਠੀ ਆਵਾਜ਼ ਨੇ ਸਭ ਨੂੰ ਮੰਤਰਮੁਗਧ ਕਰ ਦਿੱਤਾ।

ਸਮਾਗਮ ਵਿੱਚ ਵਿਸ਼ਵ ਪੰਜਾਬੀ ਭਵਨ ਦੇ ਸਰਪ੍ਰਸਤ ਦਲਬੀਰ ਕਥੂਰੀਆ, ਵਿਸ਼ਵ ਪੰਜਾਬੀ ਕਾਨਫਰੰਸ ਦੇ ਗਿਆਨ ਸਿੰਘ ਕੰਗ, ਪ੍ਰਧਾਨ ਲਾਲੀ ਕਿੰਗ, ਪੰਜਾਬ ਪੈਵੀਲੀਅਨ ਦੇ ਸਰਪ੍ਰਸਤ ਪ੍ਰਿਤਪਾਲ ਸਿੰਘ ਚੱਗਰ, ਸਤਪਾਲ ਜੌਹਲ, ਹਰਜੀਤ ਬਾਜਵਾ, ਬਲਜੀਤ ਸਿੰਘ ਘੁੰਮਣ, ਡਾ. ਡੀ ਪੀ ਸਿੰਘ, ਪ੍ਰਿੰ. ਹਰੀ ਕ੍ਰਿਸ਼ਨ ਮਾਇਰ, ਮਹਿੰਦਰਪਾਲ ਸਿੰਘ, ਪਰਮਿੰਦਰ ਭੱਟੀ, ਬਲਜਿੰਦਰ ਸੇਖਾ, ਦਵਿੰਦਰ ਪਵਾਰ, ਜਗਦੀਪ ਧੁੱਗਾ, ਮਨਦੀਪ ਖੁਰਾਣਾ, ਨਰਿੰਦਰਪਾਲ ਸਿੰਘ, ਜੱਸੀ ਭੁੱਲਰ, ਜਗਜੀਤ ਸਿੰਘ ਪਵਾਰ, ਕੁਲਜੀਤ ਮਾਨ, ਪ੍ਰਿੰ. ਵਿਜੇ ਕੁਮਾਰ, ਅਰੁਣ ਬਾਲਾ, ਰਾਜ ਰਾਣੀ, ਮਹਿੰਦਰ ਪ੍ਰਤਾਪ, ਪਰਮਜੀਤ ਦਿਓਲ, ਹਰਪਾਲ ਭਾਟੀਆ, ਰਿੰਕੂ ਭਾਟੀਆ, ਹਰਦਿਆਲ ਝੀਤਾ, ਜਸਪਾਲ ਦਸੂਹੀ, ਲਾਲੀ ਅਟਵਾਲ, ਰਵਿੰਦਰਜੀਤ ਰਾਣਾ ਸੰਧੂ, ਹਰਪ੍ਰੀਤ ਸਿੱਧੂ, ਲਹਿੰਦੇ ਪੰਜਾਬ ਤੋਂ ਰਸ਼ੀਦ ਨਦੀਮ, ਉਜਮਾ, ਮਕਸੂਦ ਅਹਿਮਦ, ਅਫਜਲ ਰਾਜ, ਸਵਿਤੋਜ ਨਿੱਝਰ, ਦਲਜੀਤ ਸਿੰਘ ਸੈਣੀ, ਜਗਜੀਤ ਸਿੰਘ ਅਰੋੜਾ ਤੇ ਇਕਬਾਲ ਲੋਪੋ ਸ਼ਾਮਲ ਹੋਏ। ਮੰਚ ਸੰਚਾਲਨ ਮੇਜਰ ਨਾਗਰਾ ਨੇ ਬਾਖੂਬੀ ਨਿਭਾਇਆ।

—ਪ੍ਰਿੰ. ਹਰੀ ਕ੍ਰਿਸ਼ਨ ਮਾਇਰ

‘ਮੱਧਮ-ਮੱਧਮ’ ਰਿਲੀਜ਼

ਚੰਡੀਗੜ੍ਹ—ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕੈਡਮੀ ਵੱਲੋਂ ਪ੍ਰੈੱਸ ਕਲੱਬ ਚੰਡੀਗੜ੍ਹ ਵਿਖੇ ਬਹੁਮੰਤਵੀ ਸਾਹਿਤ ਸਮਾਗਮ ਕਰਵਾਇਆ ਗਿਆ। ਸਭ ਤੋਂ ਪਹਿਲਾਂ ਉੱਘੀ ਸ਼ਾਇਰਾ ਜਸਲੀਨ ਦਾ ਕਾਵਿ ਸੰਗ੍ਰਹਿ ‘ਮੱਧਮ ਮੱਧਮ’ ਰਿਲੀਜ਼ ਕੀਤਾ ਗਿਆ। ਕਿਤਾਬ ਬਾਰੇ ਬੋਲਦਿਆਂ ਉੱਘੇ ਆਲੋਚਕ ਡਾ. ਯੋਗਰਾਜ ਨੇ ਕਿਹਾ ਕਿ ਜਸਲੀਨ ਪ੍ਰਪੱਕ ਸ਼ਾਇਰਾ ਹੈ, ਜਿਸ ਨੇ ਆਪਣਾ ਵੱਖਰਾ ਮੁਹਾਵਰਾ ਸਿਰਜਿਆ ਹੈ। ਉਹਨਾ ਨਾਰੀਵਾਦ ਦੀ ਵੱਖਰੀ ਪ੍ਰੀਭਾਸ਼ਾ ਸਿਰਜੀ ਹੈ। ਇਸ ਉਪਰੰਤ ਉੱਘੇ ਆਲੋਚਕ ਤੇ ਨਾਵਲਕਾਰ ਡਾ. ਮਨਮੋਹਨ ਨੇ ਕਿਹਾ ਕਿ ਜਸਲੀਨ ਮਿੱਥ ਨੂੰ ਨਵੇਂ ਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਹਿੰਦੀ ਹੈ। ਇਸ ਤੋਂ ਬਾਅਦ ਡਾ. ਹਰਜਿੰਦਰ ਸਿੰਘ ਦਿਲਗੀਰ ਦਾ ‘ਨਵਾਂ ਤੇ ਵੱਡਾ ਮਹਾਨ ਕੋਸ਼’ ਕਿਤਾਬ ਰਿਲੀਜ਼ ਕੀਤੀ ਗਈ। ਇਸ ਬਾਰੇ ਬੋਲਦਿਆਂ ਪ੍ਰੋ. ਜਗਦੀਸ਼ ਕੌਰ ਨੇ ਕਿਹਾ ਕਿ ਇਹ ਡਾ. ਦਿਲਗੀਰ ਹੁਰਾਂ ਦੀ ਦਹਾਕਿਆਂ ਦੀ ਮਿਹਨਤ ਦਾ ਫਲ ਹਰ ਪੰਜਾਬੀ ਨੂੰ ਇਹ ਜ਼ਰੂਰ ਪੜ੍ਹਨੀ ਚਾਹੀਦੀ ਹੈ। ਸਮਾਗਮ ਦੇ ਅਗਲੇ ਭਾਗ ਵਿਚ ਉੱਘੀ ਸ਼ਾਇਰਾ ਡਾ. ਪਾਲ ਕੌਰ ਅਤੇ ਪੰਜਾਬੀ ਸਿਨੇਮਾ ਦਾ ਸਚਿੱਤਰ ਇਤਿਹਾਸ (1935-85) ਲਿਖਣ ਵਾਲੇ ਮਨਦੀਪ ਸਿੰਘ ਸਿੱਧੂ ਨੂੰ 50 ਹਜ਼ਾਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਸ਼ਖਸੀਅਤਾਂ ਨੂੰ ਪੌਦੇ ਦੇ ਕੇ ਸਨਮਾਨਤ ਕੀਤਾ ਗਿਆ। ਸਮਾਰੋਹ ਵਿਚ ਡਾ. ਰਾਜਵਿੰਦਰ ਸਿੰਘ ਰਾਹੀ, ਬਲਵਿੰਦਰ ਜੰਮੂ, ਜਗਦੀਪ ਸਿੱਧੂ, ਗੁਲ ਚੌਹਾਨ, ਗੁਰਪ੍ਰੀਤ ਸੈਣੀ, ਨਵਕਿਰਨ ਸਿੰਘ, ਡਾ. ਅਨੀਤਾ ਚਹਿਲ, ਅੰਗਰੇਜ਼ ਸਿੰਘ ਪੰਨੂ, ਕੁਲਜੀਤ ਸਿੰਘ ਦਿਲਬਰ, ਕਾਬਲ ਵਿਰਕ ਤੇ ਡਾ. ਗੁਰਮੀਤ ਸਿੰਘ ਆਦਿ ਨੇ ਸ਼ਿਰਕਤ ਕੀਤੀ।

ਲੋਕ ਮੰਚ ਪੰਜਾਬ ਵੱਲੋਂ ਸਾਲਾਨਾ ਪੁਰਸਕਾਰਾਂ ਦਾ ਐਲਾਨ

‘ਆਪਣੀ ਆਵਾਜ਼ ਪੁਰਸਕਾਰ-2023’ ਜੰਗ ਬਹਾਦੁਰ ਗੋਇਲ, ‘ਕਾਵਿਲੋਕ ਪੁਰਸਕਾਰ-2023’ ਅਰਤਿੰਦਰ ਸੰਧੂ ਨੂੰ

ਜਲੰਧਰ : ਲੋਕ ਮੰਚ ਪੰਜਾਬ ਵਲੋਂ ਹਰ ਸਾਲ ਦਿੱਤੇ ਜਾਣ ਵਾਲੇ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਲ 2023 ਦਾ ‘ਆਪਣੀ ਆਵਾਜ਼ ਪੁਰਸਕਾਰ’ ਉੱਘੇ ਪੰਜਾਬੀ ਲੇਖਕ ਜੰਗ ਬਹਾਦੁਰ ਗੋਇਲ ਨੂੰ, ਉਨ੍ਹਾਂ ਦੀ ਵਾਰਤਕ ਪੁਸਤਕ “ਸਾਹਿਤ ਸੰਜੀਵਨੀ“ ਲਈ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿੱਚ ਇਕ ਲੱਖ ਰੁਪਏ ਅਤੇ ਸਨਮਾਨ ਚਿੰਨ੍ਹ ਹੋਵੇਗਾ। ਸਾਲ 2023 ਦਾ “ਕਾਵਿਲੋਕ ਪੁਰਸਕਾਰ“ ਪੰਜਾਬੀ ਦੀ ਉੱਘੀ ਕਵਿੱਤਰੀ ਅਰਤਿੰਦਰ ਸੰਧੂ ਨੂੰ, ਉਨ੍ਹਾਂ ਦੀ ਪੁਸਤਕ “ਮਨ ਦਾ ਮੌਸਮ“ ਲਈ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿੱਚ ਇਕੱਤੀ ਹਜ਼ਾਰ ਰੁਪਏ ਅਤੇ ਸਨਮਾਨ ਚਿੰਨ੍ਹ ਹੋਵੇਗਾ। ਇਹ ਐਲਾਨ ਲੋਕ ਮੰਚ ਪੰਜਾਬ ਦੇ ਚੇਅਰਮੈਨ ਡਾ. ਲਖਵਿੰਦਰ ਸਿੰਘ ਜੌਹਲ, ਪ੍ਰਧਾਨ ਸੁਰਿੰਦਰ ਸਿੰਘ ਸੁੰਨੜ, ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਦੀਪਕ ਸ਼ਰਮਾ ਚਨਾਰਥਲ ਅਤੇ ਸਕੱਤਰ ਰਮਨਪ੍ਰੀਤ ਕੌਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਦੀ ਚੋਣ ਗੁਪਤ ਸਰਵੇਖਣ ਦੇ ਆਧਾਰ ਉੱਤੇ ਮਾਹਿਰਾਂ ਦੀ ਕਮੇਟੀ ਵਲੋਂ ਕੀਤੀ ਜਾਂਦੀ ਹੈ। ਇਹ ਪੁਰਸਕਾਰ ਜਨਵਰੀ 2024 ਵਿੱਚ ਇਕ ਸਮਾਗਮ ਕਰਕੇ ਭੇਟ ਕੀਤੇ ਜਾਣਗੇ।

ਲਖਵਿੰਦਰ ਗਿੱਲ ਨਾਲ ਗੁਫਤਗੂ

ਅੰਮ੍ਰਿਤਸਰ-ਗੁਰੂਆਂ, ਪੀਰਾਂ-ਫਕੀਰਾਂ ਅਤੇ ਦਾਨਿਸ਼ਵਰਾਂ ਵੱਲੋਂ ਹੋਂਦ ਵਿਚ ਲਿਆਂਦੀ ਗੌਰਵਮਈ ਸੰਵਾਦ ਦੀ ਪਰੰਪਰਾ ਤਹਿਤ “ਕਿਛ ਸੁਣੀਐ ਕਿਛੁ ਕਹੀਐ” ਦੇ ਅੰਤਰਗਤ ਜਨਵਾਦੀ ਲੇਖਕ ਸੰਘ ਵੱਲੋਂ ਸ਼ੁਰੂ ਕੀਤੀ ਸਾਹਿਤਕ ਸਮਾਗਮਾ

ਨਵਤੇਜ ਗੜ੍ਹਦੀਵਾਲ਼ਾ ਦ੍ਰਿਸ਼ਟੀ ਅਤੇ ਪ੍ਰਵਚਨ ਪੱਖੋਂ ਨਿਵੇਕਲੀ ਸੁਰ ਵਾਲਾ ਕਵੀ ਹੈ। ਉਹ ਆਪਣੀ ਗੱਲ ਕਿਸੇ ਸਮਾਜਿਕ ਵਰਤਾਰੇ ਦੇ ਕਾਵਿ ਬਿਰਤਾਂਤ ਤੋਂ ਆਰੰਭ ਕਰਦਾ ਹੈ ਤੇ ਹੌਲੀ-ਹੌਲੀ ਇਸ ਵਰਤਾਰੇ ਦੀਆਂ ਵੱਖ-ਵੱਖ ਤੈਹਿਆਂ ਫਰੋਲਦਾ ਹੋਇਆ ਅਚਨਚੇਤ ਆਪਣੀ ਕਵਿਤਾ ਇੱਕ ਵਿਸਫੋਟ ਨਾਲ ਖਤਮ ਕਰ ਦਿੰਦਾ ਹੈ। ਇਹ ਸਾਰਾ ਕੁਝ ਬੜੀ ਰੌਚਕ ਤੇ ਤਲਿਸਮੀ ਭਾਸ਼ਾ ਵਿੱਚ ਵਾਪਰਦਾ ਹੈ। ਇਕਦਮ ਕਵਿਤਾ ਖਤਮ ਹੋਣ ਉਪਰੰਤ ਪਾਠਕ ਗਹਿਰੀਆਂ ਸੋਚਾਂ ਵਿੱਚ ਘਿਰ ਜਾਂਦਾ ਹੈ ਅਤੇ ਆਪਣੇ ਆਲੇ-ਦੁਆਲੇ ਬਾਰੇ ਵਧੇਰੇ ਸਜੱਗਤਾ ਅਤੇ ਸੂਖਮਤਾ ਨਾਲ ਸੋਚਣ ਵੱਲ ਰੁਚਿਤ ਹੁੰਦਾ ਹੈ। ਉਸ ਦੀ ਕਵਿਤਾ ਜ਼ਿਆਦਾਤਰ ਲਘੂ ਵਰਤਾਰਿਆਂ 'ਤੇ ਫੋਕਸ ਨਹੀਂ ਕਰਦੀ, ਇਸ ਵਿੱਚ ਮਾਨਵੀ ਜੀਵਨ ਨੂੰ ਪ੍ਰਭਾਵਤ ਕਰਨ ਵਾਲੇ ਗਹਿਰ-ਗੰਭੀਰ ਵਰਤਾਰੇ ਹੀ ਅਗਰਭੂਮੀ ਵਿੱਚ ਗਹਿੰਦੇ ਹਨ। ਇਸ ਕਾਜ ਲਈ ਉਹ ਵਾਰ-ਵਾਰ ਸਮਕਾਲ ਨੂੰ ਆਪਣੇ ਚਿੰਤਨ ਅਤੇ ਚੇਤਨਾ ਦੀ ਕਸਵੱਟੀ 'ਤੇ ਪਰਖਦਾ ਹੋਇਆ ਕਵਿਤਾ ਨੂੰ ਸਮਕਾਲੀ ਪ੍ਰਸੰਗਾਂ ਵਿੱਚ ਉਲੀਕਣ ਅਤੇ ਪ੍ਰੀਭਾਸ਼ਤ ਕਰਨ ਦਾ ਯਤਨ ਕਰਦਾ ਹੈ।

—ਡਾ. ਮੋਹਨ ਸਿੰਘ ਤਿਆਗੀ

ਨਵਤੇਜ ਗੜ੍ਹਦੀਵਾਲ਼ਾ ਦੀਆਂ ਨਵੀਂਆਂ ਨਜ਼ਮਾਂ

ਛੇਵੀਂ ਦੇ ਮੁੰਡੂ ਦਾ ਡਰ

ਮੈਂ ਪ੍ਰਿੰਸੀਪਲ ਸਾਂ
ਬੱਚੇ ਮੈਨੂੰ ਮਿਲ਼ ਲਿਆ ਕਰਦੇ
ਪੁੱਛਣ ਦੱਸਣ ਲੱਗੇ ਰੀਨ੍ਹ ਨਾ ਡਰਦੇ
ਉਹ ਮੈਨੂੰ ਸਮਝਦੇ ਬੰਦਾ ਘਰ ਦਾ
ਘਰ ਦੇ ਬੰਦੇ ਤੋਂ ਕਾਹਦੀ ਝਿਜਕ, ਕਾਹਦਾ ਪਰਦਾ
ਮੈਂ ਉਨ੍ਹਾਂ ਕੋਲ਼ ਬਹਿ, ਖੜੋ ਜਾਂਦਾ ਸਾਂ
ਉਨ੍ਹਾਂ ਵਰਗਾ ਹੀ ਹੋ ਜਾਂਦਾ ਸਾਂ

ਸਾਈਕਲ ਦੀ ਹਵਾ ਕੱਢ, ਭੁੱਖੇ ਹਾਥੀ ਨੂੰ ਝੰਜੋੜ
ਲੈਂਪ ਦੀ ਬੱਤੀ ਗੁੱਲ ਕਰ, ਪੰਜੇ ਨੂੰ ਮਰੋੜ
ਪਹਿਲੀ ਵਾਰ ਕਮਲ ਦੀ ਭਰਵੀਂ ਫ਼ਸਲ ਹੋਈ
ਤਾਂ ਛੇਵੀਂ ਦੇ ਮੁੰਡੂ ਨੇ ਹੋਰ ਹੀ ਬੋਲ ਸੁਣਾਏ
ਸੁਣੇ-ਸੁਣਾਏ ਫਿਕਰ ਦੇ ਫਿਕਰੇ ਦੁਹਰਾਏ-
ਸਰ, ਐਤਕੀਂ ਲੱਗਦੈ ਵੋਟਾਂ 'ਚ ਹੇਰਾਫੇਰੀ ਹੋਈ ਏ
ਐਵਈਂ ਤਾਂ ਨਈਂ ਸਾਡੀ ਪਾਰਟੀ ਢੇਰੀ ਹੋਈ ਏ

ਉਸ ਦੀ ਪਿੱਠ ਥਾਪੜਦਿਆਂ ਮੈਂ ਕਿਹਾ-
ਨਹੀਂ, ਐਸਾ ਕੁਝ ਨਹੀਂ ਹੋਇਆ
ਪੰਜੇ ਨੇ ਲੋਕਾਂ ਦਾ ਗਲ਼ ਬੜਾ ਸੀ ਦਬਾਇਆ
ਐਵੇਂ ਤਾਂ ਨਈਂ ਉਸ ਨੂੰ ਸਬਕ ਸਿਖਾਇਆ
ਫਿਰ ਉਸ ਨੇ ਹੋ ਕੇ ਹਾਲੋਂ ਬੇਹਾਲ
ਨਿਰਛਲ ਸ਼ਬਦੀਂ ਕੀਤਾ ਭਿਆਨਕ ਸਵਾਲ-
ਮੇਰਾ ਭਾਪਾ ਕਹਿੰਦਾ ਸੀ
ਜਿੱਤਣ ਵਾਲ਼ਾ ਦੰਗੇ ਜ਼ਰੂਰ ਕਰਾਊਗਾ
ਮੈਂ ਉਸ ਨੂੰ ਤਸੱਲੀ ਦਿੱਤੀ
ਇੰਝ ਕਰ ਕੇ ਉਹ ਕਿੱਥੇ ਜਾਊਗਾ
ਕਿਹੜੀ ਮਾਂ ਦੀ ਕੋਠੀ 'ਚ ਮੂੰਹ ਛੁਪਾਊਗਾ
ਤੂੰ ਐਵੇਂ ਨਾ ਡਰ
ਪੜ੍ਹਾਈ ਨੇ ਤੇਰੇ ਕੰਮ ਆਉਣਾ
ਬੇਟਾ! ਜਾਹ ਪੜ੍ਹਾਈ ਕਰ

ਉਦੋਂ ਚਾਰੇ ਪਾਸੇ ਫੁੱਲ ਹੀ ਫੁੱਲ ਖਿੜਨ 'ਤੇ
ਜਿਸ ਬਾਰੇ ਛੇਵੀਂ ਦਾ ਮੁੰਡਾ
ਸ਼ੱਕ ਕਰਦਾ ਸੀ
ਬੜਾ ਡਰਦਾ ਸੀ
ਉਹੀ ਦਿਨ-ਦਿਹਾੜੇ
ਮਸ਼ੀਨ ਦੇ ਢਿੱਡ 'ਚ ਵੜ ਕੇ
ਮੁੜ ਰਾਜਾ ਬਣ ਕੇ ਜੰਮ ਪਿਆ ਹੈ
ਤਖ਼ਤ ਸਾਡਾ ਨੱਪ ਲਿਆ ਹੈ
ਨਿੰਬੂ, ਮਿਰਚਾਂ ਲਟਕਾ ਕੇ
ਫੁੱਲਾਂ ਦੇ ਜਹਾਜ਼ 'ਤੇ ਸਵਾਰ ਹੋ ਕੇ
ਮਨਚਲੇ ਹੁਕਮ ਚਲਾ ਰਿਹਾ ਹੈ
ਜ਼ਹਿਰ ਨਾਲ਼ ਲਿੱਪੇ ਤੀਰ ਚਲਾ ਰਿਹਾ ਹੈ
ਗਾਂ, ਸੂਰ ਦਾ ਭੇੜ ਕਰਾ ਰਿਹਾ ਹੈ
ਸ਼ਾਂਤ ਪਾਣੀਆਂ ਨੂੰ ਲਾਂਬੂ ਲਗਾ ਰਿਹਾ ਹੈ
ਫ਼ਕੀਰ ਬਣਿਆ ਸਾਡੇ ਖੇਤ
ਆਪਣੇ ਬਟੂਏ 'ਚ ਪਾ ਰਿਹਾ ਹੈ
ਸੁਰੱਖਿਆ ਕਵਚ ਵਿੱਚ ਚੌੜਾ ਹੋਇਆ
ਚੌੜਾ ਕੀਤਾ ਸੀਨਾ ਥਪਥਪਾ ਰਿਹਾ ਹੈ
ਛੇਵੀਂ ਦੇ ਵਿਦਿਆਰਥੀ ਦੇ ਧੁੜਕੂ ਨੂੰ
ਇਤਿਹਾਸ ਬਣਾ ਰਿਹਾ ਹੈ
ਇਹ ਰਾਜਾ ਕੈਸੇ ਦਿਨ ਦਿਖਾ ਰਿਹਾ ਹੈ

ਉਹ ਪਾਸ ਹੋ ਕੇ ਸਕੂਲੋਂ ਚਲਾ ਗਿਆ ਹੈ
ਉਸ ਦਾ ਚਿਹਰਾ ਅਜੇ ਵੀ ਡਰ ਦੁਹਰਾ ਰਿਹਾ ਹੈ
ਮੈਂ ਆਪਣੇ ਬਣਦੇ ਰਾਹ ਪੈ ਰਿਹਾ ਹਾਂ
ਇੱਕ ਗੱਲ ਉਸ ਗੱਭਰੂ ਬਣ ਗਏ ਮੁੰਡੂ ਨੂੰ
ਕਹਿ ਰਿਹਾ ਹਾਂ
ਉਹ ਜਿੱਥੇ ਕਿਤੇ ਵੀ
ਕੁੱਝ ਕਮਾ ਰਿਹਾ, ਪਕਾ ਰਿਹਾ, ਖਾ ਰਿਹਾ
ਹੱਸ ਰਿਹਾ, ਹਸਾ ਰਿਹਾ ਹੈ
ਰੋ ਰਿਹਾ ਜਾਂ ਗਾ ਰਿਹਾ ਹੈ
ਘਬਰਾਵੇ ਨਾ
ਆਪਣੇ ਪੈਰ ਟਿਕਾ ਕੇ ਰੱਖੇ
ਤਿਲਕਣ ਵੱਲ ਨੂੰ ਜਾਵੇ ਨਾ
ਛੇਵੀਂ ਦੀ ਗੱਲ ਭੁਲਾਵੇ ਨਾ
ਚੇਤੇ ਰੱਖੇ ਭੈਅ ਭਰੇ
ਹੁਣ ਦਿਨ ਥੋੜ੍ਹੇ ਰਹਿ ਗਏ ਨੇ
ਚੌਂਕ 'ਚ 'ਕੱਠੇ ਹੋ ਕੇ ਲੋਕੀਂ
ਉੱਚੀ-ਉੱਚੀ ਕਹਿ ਗਏ ਨੇ

ਕੈਂਚੀ

ਜੀਕਣ ਚਿੜੀਆ ਚੁਗ ਲੈਂਦੀ ਹੈ
ਪਤਲੀ ਤਿੱਖੜੀ ਚੁੰਝ ਦੇ ਨਾਲ਼
ਮਿੱਟੀ ਕੰਕਰਾਂ 'ਚੋਂ ਵੀ ਦਾਣਾ
ਮਿੱਤਰਾ! ਤੂੰ ਵੀ ਬੜਾ ਸਿਆਣਾ
ਮੇਰੀਆਂ ਮੁੱਛਾਂ ਵਿੱਚੋਂ ਚੁਗਿਆ
ਵਿਰਲਾ-ਵਿਰਲਾ ਧੌਲ਼ਾ
ਇੱਕ ਵੀ ਕਾਲ਼ੇ ਵਾਲ਼ ਨੇ
ਪਾਇਆ ਨਾ ਰੌਲ਼ਾ
ਇੱਕ ਵੀ ਕਾਲ਼ੇ ਵਾਲ਼ ਦੇ
ਦਿਲ ਵਿੱਚ ਦਰਦ ਨਾ ਆਇਆ
ਹਰ ਧੌਲ਼ਾ ਸਕਾ ਭਰਾ ਸੀ ਮੁੱਢੋਂ
ਕਾਲ਼ਿਆਂ ਦੇ ਹੀ ਮਾਂ-ਪਿਓ ਜਾਇਆ

ਮਿੱਤਰਾ! ਚੀਚ੍ਹੀ ਜਿੱਡੀ ਨਿੱਕੜੀ ਜਿਹੀ
ਤੇਰੀ ਤਿੱਖੜੀ-ਤਿੱਖੜੀ ਕੈਂਚੀ ਨੇ
ਕਾਲ਼ੇ ਤਾਈਂ ਟੱਕ ਵੀ ਨਾ ਲਾਇਆ
ਚੁਣ-ਚੁਣ ਲੱਭ-ਲੱਭ ਧੌਲ਼ਿਆਂ ਦਾ
ਮੋਛੇ 'ਤੇ ਮੋਛਾ ਪਾਇਆ
ਤੇਰੇ ਹੱਥਾਂ ਦੀਆਂ ਉਂਗਲ਼ਾਂ ਨੇ
ਕੈਸਾ ਹੁਨਰ ਦਿਖਾਇਆ
ਐਸਾ ਹੁਨਰ ਤਾਂ ਇਸ ਧਰਤੀ 'ਤੇ
ਕਿਸੇ-ਕਿਸੇ ਦੇ ਹਿੱਸੇ ਆਇਆ
ਇਹ ਕਿੱਥੇ ਦੀ ਬਣੀ ਹੈ ਕੈਂਚੀ
ਇਸ ਨੂੰ ਏਥੇ ਕੌਣ ਲਿਆਇਆ

ਹੇਅਰ ਡਰੈਸਰ ਬੁੱਲ੍ਹ ਮੀਟ ਕੇ ਹੱਸਦਾ ਆਖਣ ਲੱਗਾ-
ਹੁਨਰ ਹਨਰ ਮੇਰਾ ਨਾ ਭਾਈ
ਨਾ ਇਹ ਕੈਂਚੀ ਬਾਹਰੋਂ ਆਈ
ਇਹ ਤਾਂ ਕੈਂਚੀ
ਆਪਣੀ ਜਾਈ ਕੱਟੜ ਹਿੰਦੋਸਤਾਨੀ
ਏਸ ਦਾ ਕੋਈ ਨਾ ਸਾਨੀ
ਲੋੜ ਪੈਣ ਤੇ ਧੌਲ਼ੇ ਚੁਗਦੀ ਲੋੜ ਪੈਣ 'ਤੇ ਕਾਲ਼ੇ
ਜੁਗਾਂ-ਜੁਗਾਂ ਤੋਂ ਚਲਦੇ ਆਏ ਇਸ ਦੇ ਘਾਲ਼ੇ-ਮਾਲ਼ੇ
ਇਸ ਨੂੰ ਪਾਣ ਸਿਆਸੀ ਚੜ੍ਹੀ ਹੋਈ ਹੈ
ਅੰਦਰ-ਖ਼ਾਤੇ ਬਹੁਤ ਪੜ੍ਹਾਈਆਂ ਪੜ੍ਹੀ ਹੋਈ ਹੈ
ਦੁਨੀਆ ਇਹਦੇ ਬਾਰੇ ਕਹਿੰਦੀ
'ਇਹ ਘੱਟ ਗਿਣਤੀ ਨੂੰ ਉਡ ਕੇ ਪੈਂਦੀ'

ਮਿੱਤਰ ਦੀ ਗੱਲ ਸੁਣ ਕੇ
ਸ਼ੀਸ਼ੇ ਮੂਹਰੇ ਬੈਠੇ ਹੋਏ ਦਾ
ਮੇਰਾ ਸਿਰ ਚਕਰਾਇਆ
ਮੈਨੂੰ ਸੂਰਜ ਨਜ਼ਰ ਨਾ ਆਇਆ
ਮੁੜ-ਮੁੜ ਸਮਝਾਂ ਉਸ ਦੀ ਗੱਲ ਨੂੰ
ਕਦੇ ਮੈਂ ਦੇਖਾਂ ਮੁੱਛਾਂ ਤਾਂਈਂ
ਕਦੇ ਮੈਂ ਦੇਖਾਂ ਭਾਰਤ ਵੱਲ ਨੂੰ
ਕੀ ਹੋਇਆ ਕੱਲ੍ਹ
ਅੱਜ ਕੀ ਹੁੰਦਾ, ਕੀ ਹੋਏਗਾ ਕੱਲ੍ਹ ਨੂੰ?

ਵੋਟਾਂ ਪੈ ਰਹੀਆਂ ਨੇ

ਵੋਟਾਂ ਪੈ ਰਹੀਆਂ ਨੇ
ਲੰਮੀ ਟੀਂ-ਟੀਂ ਦੀਆਂ ਆਵਾਜ਼ਾਂ
ਕੰਨੀਂ ਪਈਆਂ ਨੇ

ਗੱਭਰੂ ਬੜੇ ਉਤਸ਼ਾਹ ਨਾਲ਼
ਆਪਣੇ ਛੋਟੇ ਭਰਾ ਨਾਲ਼
ਏਧਰ-ਓਧਰ ਭੰਬੀਰੀ ਵਾਂਗ ਭਉਂਦਾ ਹੈ
ਛੋਟੇ ਨੂੰ ਅੱਖ ਨਾਲ਼ ਸਮਝਾਉਂਦਾ ਹੈ
ਧਰਮ ਦਾ ਕਾਰਜ ਮੰਨ ਕੇ
ਸਾਰੇ ਕਨੂੰਨ ਭੰਨ ਕੇ
ਆਪਣਾ ਬਟਨ ਦਬਵਾਉਂਦਾ ਹੈ
ਇਤਰਾਜ਼ ਕੀਤਾ ਕਈਆਂ ਨੇ
ਉਏ! ਵੋਟਾਂ ਪੈ ਰਹੀਆਂ ਨੇ?

ਉਸ ਛੋਹਲ਼ੇ ਦੇ ਸਿਰ 'ਤੇ
ਗੂੜ੍ਹੀ ਨੀਲੀ ਪੱਗ ਹੈ
ਪੱਗ ਉੱਤੇ ਟੋਪੀ ਹੈ
ਟੋਪੀ ਉੱਤੇ ਫੁੱਲ ਹੈ
ਇਹ ਕੈਸੀ ਭੁੱਲ ਹੈ

ਉਹ ਬੜਾ ਬੇਧਿਆਨ ਹੈ
ਕੱਲ੍ਹ ਅੱਜ ਕੱਲ੍ਹ ਦਾ
ਉਸ ਨੂੰ ਕੀ ਗਿਆਨ ਹੈ
ਓਸ ਨੂੰ ਕੀ ਪਤਾ

ਪਰ ਦੁਨੀਆ ਤਾਂ ਕਹਿੰਦੀ ਹੈ
ਟੋਪੀ ਹੇਠ ਆਈ ਹੋਈ
ਪੱਗ ਦੀ ਕੀ ਰਹਿੰਦੀ ਹੈ
ਸਿਰੇ ਦੀਆਂ ਗੱਲਾਂ ਇਹ
ਸਿਆਣਿਆਂ ਨੇ ਕਹੀਆਂ ਨੇ
ਵੋਟਾਂ ਪੈ ਰਹੀਆਂ ਨੇ।

ਮੈਂ ਬੀਨ ਵਜਾਉਂਦਾ ਹਾਂ

ਮੈਂ ਬੀਨ ਵਜਾਉਂਦਾ ਹਾਂ
ਸਪੇਰਾ ਨਹੀਂ ਹਾਂ
ਮੈਂ ਸੱਪਾਂ ਦਾ ਵਪਾਰੀ ਵੀ ਨਹੀਂ
ਕਿ ਸੱਪ ਕਾਬੂ ਕਰਾਂ
ਸ਼ਹਿ ਕੇ ਤੇਰੇ ਘਰ 'ਚ ਛੱਡਾਂ
ਬੀਨ ਵਜਾਵਾਂ
ਸਿਰੀ 'ਤੇ ਦੋ ਠੂੰਗੇ ਜੜ੍ਹਾਂ
ਪਟਾਰੀ 'ਚ ਪਾਵਾਂ
ਕੋਈ ਅਰਸ਼ੀ ਕਹਾਣੀ ਘੜਾਂ
ਭਗਵਾਂ ਹੋ ਕੇ ਜੋਤ ਜਗਾ ਕੇ
ਜਟਾਂ ਵਧਾ ਕੇ ਧੂਫ ਧੁਖਾ ਕੇ
ਅੱਖਾਂ ਮੁੰਦ ਆਸਣ ਲਗਾਵਾਂ
ਚੋਪੜੇ ਫੁਲਕੇ ਭੁਰਜੀ ਦਾ ਜੁਗਾੜ ਬਣਾਵਾਂ

ਮੈਂ ਬੀਨ ਵਜਾਉਂਦਾ ਹਾਂ
ਤੇਰੇ ਸੁੱਤੇ ਹੋਏ ਬਾਲ ਸੁਪਨੇ
ਬਿਨਾਂ ਜਾਗਿਆਂ ਹੋ ਨਾ ਜਾਵਣ ਬੁੱਢੇ-ਠੇਰੇ
ਪੈ ਨਾ ਜਾਣ ਕਬਰਾਂ ਦੇ ਰਾਹ
ਤੇਰੇ ਸੁਪਨਿਆਂ ਨੂੰ ਪਰ ਲੱਗ ਜਾਣ
ਉਡਾਰੀ ਲਾਣ
ਹਵਾਵਾਂ ਛਾਣ ਸਕਣ
ਤਾਰਿਆਂ ਦੀ ਲੋਅ ਦਾ ਰਹੱਸ ਜਾਣ ਸਕਣ

ਮੈਂ ਬੀਨ ਵਜਾਉਂਦਾ ਹਾਂ
ਤੇਰੇ ਸਿਰ ਨਾਲ਼ ਛੁਹਾਉਂਦਾ ਹਾਂ
ਤੂੰ ਜ਼ੁਲਮ ਦੇ ਚੁੱਲ੍ਹੇ 'ਤੇ
ਸੱਚ ਦੇ ਨੂਰ ਖ਼ਾਤਰ
ਪਰਖ ਦੀ ਉੱਬਲਦੀ ਦੇਗ਼ ਵਿੱਚ
ਸ਼ਾਂਤ ਰਹਿੰਦਿਆਂ ਪੱਕ ਸਕੇਂ
ਅੱਖਾਂ ਖੋਲ੍ਹ ਕੇ
ਕੋਈ ਛਲਣੀ ਹੋਈ ਮਾਸੂਮ ਹਿੱਕ ਤੱਕ ਸਕੇਂ
ਨਿਰਵਸਤਰ ਜਿਸਮ ਢੱਕ ਸਕੇਂ
ਤੇਰੀ ਸੁੱਤੀ ਹੋਈ ਲਾਟ ਜਗਾਉਂਦਾ ਹਾਂ

ਮੈਂ ਬੀਨ ਵਜਾਉਂਦਾ ਹਾਂ
ਤੂੰ ਆਪਣੇ ਮੱਥੇ 'ਚ ਡੂੰਘੀ ਉੱਕਰੀ
ਨਜ਼ਮ ਪੜ੍ਹਨ ਜੋਗਾ ਹੋ ਸਕੇਂ
ਤੂੰ ਆਪਣੇ ਪੈਰਾਂ 'ਤੇ ਖੜ੍ਹਨ ਜੋਗਾ ਹੋ ਸਕੇਂ
ਪ੍ਰਸ਼ਨ ਚਿੰਨ੍ਹ ਬਣ ਗਈ
ਜ਼ਿੰਦਗੀ ਸਿਰ ਹੱਥ ਧਰ ਸਕੇਂ
ਕੁਝ ਨਾ ਕੁਝ ਤਾਂ ਕਰ ਸਕੇਂ
ਤੂੰ ਮਿੱਟੀ ਦੀ ਢੇਰੀ ਜਿਹੀ ਨਾ ਰਹਿ ਜਾਏਂ
ਤੈਨੂੰ ਹਿਲਾਉਂਦਾ ਹਾਂ
ਮੈਂ ਬੀਨ ਵਜਾਉਂਦਾ ਹਾਂ।

ਬੁੱਢਾ ਜਾਦੂਗਰ ਬੰਸਰੀ ਵਜਾ ਰਿਹਾ ਹੈ

ਬੁੱਢਾ ਜਾਦੂਗਰ ਬੰਸਰੀ ਵਜਾਉਂਦਾ ਹੈ
ਮਨ ਦੀ ਬਾਤ ਸੁਣਾਉਂਦਾ ਹੈ-
ਬੁੱਢੀ ਜਾਦੂਗਰਨੀ ਦੀ ਚਾਲ ਹੋਰ ਸੀ
ਉਸ ਦਾ ਇਲਮ ਬੜਾ ਕਮਜ਼ੋਰ ਸੀ
ਉਸ ਦੀ ਹਰ ਚਾਲ ਕੱਚੀ ਸੀ
ਮੇਰੇ ਸਾਹਮਣੇ ਤਾਂ ਉਹ ਬੱਚੀ ਸੀ
ਉਹ ਤਾਂ ਚੌਥੀ ਜਮਾਤ ਹੀ ਪਾਸ ਸੀ
ਕਾਲ਼ੇ ਜਾਦੂ ਦਾ ਖਿਡਾਰੀ ਖ਼ਾਸ ਹਾਂ
ਮੈਂ ਇੰਟਾਇਰ ਡਿਗਰੀ ਪਾਸ ਹਾਂ
ਉਸ ਨੂੰ ਵਖ਼ਤ ਦਾ ਹੱਥ ਫੜਨਾ ਨਹੀਂ ਸੀ ਆਉਂਦਾ
ਵਖ਼ਤ ਪੈਣ 'ਤੇ ਜੁਮਲਾ ਘੜਨਾ ਨਹੀਂ ਸੀ ਆਉਂਦਾ
ਬੁੱਢਾ ਜਾਦੂਗਰ ਦਾਅਵਾ ਕਰਦਾ ਹੈ
ਸਾਰਾ ਜਗਤ ਮੇਰਾ ਪਾਣੀ ਭਰਦਾ ਹੈ

ਬੁੱਢਾ ਜਾਦੂਗਰ ਆਖਦਾ ਹੈ
ਜੋ ਮੇਰੇ ਨਾਲ਼ ਖਹੇ
ਬਚ ਕੇ ਕਿਵੇਂ ਰਹੇ
ਮੈਂ ਝੋਲ਼ੇ 'ਚ ਹੱਥ ਪਾ ਕੇ ਚੁਟਕੀ ਵਜਾਉਂਦਾ ਹਾਂ
ਚਿੱਤਰਗੁਪਤ ਪਿੱਛੇ ਲਗਾਉਂਦਾ ਹਾਂ
ਉਂਗਲਾਂ 'ਤੇ ਨਚਾਉਂਦਾ ਹਾਂ
ਇੱਕ ਵਾਰ ਜਿੱਥੇ ਆਸਣ ਲਗਾ ਲਵਾਂ
ਉਹ ਮੇਰੀ ਹੀ ਰਿਆਸਤ ਚੱਲੇਗੀ
ਮੇਰੇ ਝੋਲ਼ੇ 'ਚ ਮੇਰੀ ਜਾਨ ਹੈ
ਝੋਲ਼ੇ ਵਿਚਲੀ ਸਿਆਸਤ ਚੱਲੇਗੀ
ਜਾਦੂਗਰਨੀ ਪਰਵਾਰ 'ਚ ਖੁੱਭ ਗਈ
ਸਾਰੇ ਦਾਅ-ਪੇਚ ਭੁੱਲ ਗਈ ਸੀ
ਉਸ ਦੇ ਜਾਦੂ ਦੀ ਪੋਲ ਖੁੱਲ੍ਹ ਗਈ ਸੀ
ਬੁੱਢਾ ਜਾਦੂਗਰ ਗੁਣਗੁਣਾਉਂਦਾ ਹੈ
ਮੇਰੇ ਝੋਲ਼ੇ 'ਚ ਮੰਤਰੇ ਤੀਰਾਂ ਦਾ ਭੱਥਾ
ਕਿਸੇ ਜਾਦੂਗਰ ਤੋਂ
ਮੈਨੂੰ ਹਾਰਨ ਨਹੀਂ ਦਿੰਦਾ
ਕਿਸੇ ਨੂੰ ਮੇਰੇ ਵੱਲ
ਮੈਲ਼ੀ ਨਜ਼ਰ ਮਾਰਨ ਨਹੀਂ ਦਿੰਦਾ
ਮੇਰੇ ਸਾਹਮਣੇ ਹੋਣ ਦਾ
ਕਿਸ ਦਾ ਹੈ ਜੇਰਾ
ਹੁਣ ਏਥੇ ਮੇਰਾ ਪੱਕਾ ਹੈ ਡੇਰਾ
ਮੇਰੇ ਕਹਿਣ 'ਤੇ ਡੁੱਬਦਾ ਹੈ ਸੂਰਜ
ਮੈਨੂੰ ਪੁੱਛ ਕੇ ਹੁੰਦਾ ਹੈ ਸਵੇਰਾ
ਉਸ ਦੇ ਜਾਦੂ ਦੀ ਕੀ ਪਕਿਆਈ ਸੀ
ਉਸ ਦੀ ਚਲਾਈ ਮੁੱਠ
ਉਸ 'ਤੇ ਹੀ ਉਲ਼ਟੀ ਪੈ ਗਈ ਸੀ
ਉਹ ਮਿੱਟੀ ਦੀ ਢੇਰੀ ਰਹਿ ਗਈ ਸੀ

ਬੁੱਢਾ ਜਾਦੂਗਰ ਮੁਸਕਰਾਉਂਦਾ ਹੈ
ਸਿੱਧ ਕੀਤੀ ਆਪਣੀ ਜਾਦੂ ਦੀ ਛੜੀ
ਜਿਸ ਨਾਲ਼ ਛੁਹਾਉਂਦਾ ਹਾਂ
ਉਸ ਦਰਿਆ ਦਾ ਪਾਣੀ
ਕਾਗ਼ਜ਼ ਦੀ ਪੁੜੀ 'ਚ ਬੰਨ੍ਹ ਕੇ
ਝੋਲ਼ੇ ਦੀ ਨੁੱਕਰੇ ਟਿਕਾਉਂਦਾ ਹਾਂ
ਜੰਗਲਾਂ ਨੂੰ ਮੁੱਠੀ ਵਿੱਚ ਛੁਪਾਉਂਦਾ ਹਾਂ
ਪਟੜੀਆਂ ਦਾ ਪਿੰਨਾ ਵੱਟ ਕੇ
ਝੋਲ਼ੇ ਦੀ ਦੂਜੀ ਨੁੱਕਰੇ ਸਜਾਉਂਦਾ ਹਾਂ
ਉਡਦੇ ਜਹਾਜ਼ਾਂ ਨੂੰ
ਝੋਲ਼ੇ ਦੇ ਢਿੱਡ 'ਚ ਬਿਠਾਉਂਦਾ ਹਾਂ
ਮੈਂ ਆਰ-ਪਾਰ ਦੀ ਲੀਲ੍ਹਾ ਕਰਨੀ ਜਾਣਦਾ ਹਾਂ
ਮੈਂ ਆਪਣੀ ਛਾਨਣੀ ਵਿੱਚ ਚੰਨ, ਤਾਰੇ ਛਾਣਦਾ ਹਾਂ
ਝੋਲ਼ੇ, ਛੜੀ ਆਸਰੇ
ਪਤਾਲ਼ ਮੇਰਾ, ਅਸਮਾਨ ਮੇਰਾ ਹੈ
ਇਹ ਰਿਆਸਤ ਮੇਰੀ
ਇਹ ਜਹਾਨ ਮੇਰਾ ਹੈ
ਮੈਨੂੰ ਪਤਾ ਹੈ
ਬੁੱਢੀ ਨੂੰ ਨਾ ਆਰ ਦਾ ਨਾ ਪਾਰ ਦਾ ਪਤਾ ਸੀ
ਉਸ ਨੂੰ ਆਪਣੇ ਇੱਕ ਪਰਵਾਰ ਦਾ ਪਤਾ ਸੀ

ਬੁੱਢਾ ਜਾਦੂਗਰ ਮੈਨੂੰ ਘੂਰਦਾ ਹੈ
ਜੇ ਸਿਰ ਝੁਕਾ ਕੇ ਮੇਰੇ ਦਰ ਆਵੇਂ
ਮੂੰਹੋਂ ਮੰਗੀਆਂ ਮੁਰਾਦਾਂ ਪਾਵੇਂ
ਜੋ ਆਖੇਂ ਉਹੀ ਕਰ ਦਿਆਂਗਾ
ਤੂੰ ਆਪਣੀ ਝੋਲ਼ੀ ਜ਼ਰਾ ਅੱਡ ਤਾਂ ਸਹੀ
ਹੀਰਿਆਂ ਨਾਲ਼ ਭਰ ਦਿਆਂਗਾ
ਜੇ ਕੌੜੀ-ਕੁਸੈਲ਼ੀ ਕਵਿਤਾ
ਉਡਾਈ ਮੇਰੇ ਵੱਲ ਨੂੰ
ਆਖੀਂ ਨਾ ਫੇਰ ਕੱਲ੍ਹ ਨੂੰ
ਜੇ ਕਹਿਣਾ ਤੂੰ ਨਾ ਮੰਨਿਆ
ਪਿੰਜਰੇ 'ਚ ਜਾਏਂਗਾ ਬੰਨ੍ਹਿਆ
ਪਹਿਲੋਂ ਜੋ ਨਾ ਮੰਨੇ ਨੇ
ਅਜੇ ਤੀਕ ਵੀ ਅੰਦਰ ਬੰਨ੍ਹੇ ਨੇ
ਮੈਂ ਉਸ ਬੁੱਢੀ ਵਾਂਗ
ਮਾਰ ਖਾਣ ਵਾਲ਼ਾ ਨਹੀਂ ਹਾਂ
ਕਿਸੇ ਰਣ ਵਿੱਚ ਹਾਰ ਜਾਣ ਵਾਲ਼ਾ ਨਹੀਂ ਹਾਂ

ਲੋਕ ਕਹਿੰਦੇ ਨੇ
ਅਜਬ ਅਜੂਬਾ ਹੈ ਫ਼ਕੀਰ ਤੋਂ ਬਣਿਆ ਜਾਦੂਗਰ
ਜਾਂਦੀ ਵਾਰ ਦਾ
ਨਵਾਂ ਜਾਦੂ ਦਿਖਾ ਰਿਹਾ ਹੈ
ਬਿਨਾਂ ਤੀਲ੍ਹੀ ਤੋਂ
ਅਗਨੀ ਪਰਗਟਾ ਰਿਹਾ ਹੈ
ਰਿਆਸਤ ਜਲ਼ ਰਹੀ ਹੈ
ਬੁੱਢਾ ਜਾਦੂਗਰ ਬੰਸਰੀ ਵਜਾ ਰਿਹਾ ਹੈ।

ਸੰਪਰਕ : 94637-76985

ਤਾਲੀਮ ਅਤੇ ਤਰਬੀਅਤ

ਡਾ. ਗੁਰਬਖ਼ਸ਼ ਸਿੰਘ ਭੰਡਾਲ

ਤਾਲੀਮ ਅਤੇ ਤਰਬੀਅਤ ਦਾ ਆਪਸੀ ਗੂੜ੍ਹਾ ਰਿਸ਼ਤਾ ਵੀ ਹੈ ਅਤੇ ਰਿਸ਼ਤਾ ਨਹੀਂ ਵੀ। ਇਹ ਦੋ ਵੱਖੋ-ਵੱਖ ਮਨੁੱਖੀ ਗੁਣ ਅਤੇ ਇਹਨਾਂ ਵਿਚੋਂ ਹੀ ਅਸੀਂ ਕਿਸੇ ਮਨੁੱਖ ਦੀ ਪਛਾਣ ਕਰਦੇ। ਮਨੁੱਖ ਨੂੰ ਇਕੱਲਾ ਵਿੱਦਿਆ ਦੇ ਪੱਖੋਂ ਮੁਲਾਂਕਣ ਕਰਨਾ, ਮਨੁੱਖੀ ਫ਼ਿਤਰਤ ਦ

3-Dec-Sunday.qxd 12/2/2023 10:59 PM Page 2

ਮੈਂ ਪੰਜਾਬੀਆਂ ਦੀ ਸਮੁੱਚੀ ਜੀਵਨ ਧੜਕਣ ਨੂੰ ਆਪਣੀਆਂ ਕਹਾਣੀਆਂ 'ਚ ਸਮਾਉਣਾ ਚਾਹੁੰਨਾ

ਸੁਖਪਾਲ ਸਿੰਘ ਥਿੰਦ

ਪੈੜਾਂ-3

ਮੁਲਾਕਾਤੀ : ਡਾ. ਬਲਵਿੰਦਰ ਸਿੰਘ ਥਿੰਦ

? ਤੁਹਾਡੀਆਂ ਕਹਾਣੀਆਂ ਦੇ ਜ਼ਿਆਦਾਤਰ ਪਲਾਟ ਸ਼ਹਿਰ ਵਿੱਚ ਰਹਿ ਰਹੇ ਅਜਿਹੇ ਮੱਧਵਰਗੀ ਬੰਦੇ ਦੀ ਜੀਵਨ ਸ਼ੈਲੀ ਨੂੰ ਆਪਣੀ ਸਿਰਜਣਾ ਵਿੱਚ ਲੈਂਦੇ ਹਨ, ਜਿਸ ਦੀਆਂ ਜੜ੍ਹਾਂ ਪਿੰਡ ਵਿੱਚ ਹੁੰਦੀਆਂ ਹਨ। ਭਾਵ ਜਿਸ ਦਾ ਪਿਛੋਕੜ ਪਿੰਡ ਦਾ ਹੁੰਦਾ ਹੈ। ਇਸ ਲਈ ਇਹ ਕਹਾਣੀਆਂ ਸ਼ਹਿਰ ਤੋਂ ਤੁਰ ਕੇ ਪਿੰਡ ਵੱਲ ਫੈਲਦੀਆਂ ਅਤੇ ਮੁੜ ਸ਼ਹਿਰ ਵੱਲ ਪਰਤਦੀਆਂ ਹਨ। ਅਜਿਹਾ ਕਿਉਂ ਵਾਪਰਦਾ ਹੈ।

—ਤੁਸੀਂ ਮੇਰੀਆਂ ਕਹਾਣੀਆਂ ਦੀ ਕੇਂਦਰੀ ਨਬਜ਼ ਪਕੜੀ ਹੈ। ਤੁਹਾਡੀ ਗੱਲ ਸਹੀ ਹੈ ਕਿ ਮੇਰੀਆਂ ਕਹਾਣੀਆਂ ਨਾ ਤਾਂ ਨਿਰੋਲ ਸ਼ਹਿਰੀ ਜ਼ਿੰਦਗੀ ਨਾਲ ਸੰਬੰਧਤ ਹਨ ਅਤੇ ਨਾ ਹੀ ਨਿਰੋਲ ਪੇਂਡੂ ਜੀਵਨ ਸ਼ੈਲੀ ਵਾਲੀਆਂ। ਇਸ ਦਾ ਵੱਡਾ ਕਾਰਨ ਤਾਂ ਇਹੀ ਹੋ ਸਕਦਾ ਹੈ ਕਿ ਮੇਰਾ ਨਿੱਜੀ ਅਨੁਭਵ ਇਸ ਤਰ੍ਹਾਂ ਦਾ ਹੈ। ਮੇਰੇ ਜੀਵਨ ਦਾ ਮੁਢਲਾ ਪੜਾਅ ਪਿੰਡ ਵਿੱਚ ਹੀ ਬੀਤਿਆ ਹੈ। ਫਿਰ ਇਹ ਕੁਝ ਸਮੇਂ ਲਈ ਪੇਂਡੂ ਅਤੇ ਸ਼ਹਿਰੀ ਦੇ ਮਿਲਗੋਭੇ ਵਾਲਾ ਰਿਹਾ। ਹੌਲੀ-ਹੌਲੀ ਇਹ ਸ਼ਹਿਰ ਵੱਲ ਸਰਕਦਾ ਗਿਆ। (ਹੱਸਦੇ ਹੋਏ)... 'ਮੁੰਡਾ ਪਿੰਡ ਦਾ ਸੀ ਸ਼ਹਿਰ ਜਾ ਕੇ ਸ਼ਹਿਰੀ ਹੋ ਗਿਆ' ਵਾਲੀ ਗੱਲ ਹੀ ਮੇਰੇ ਨਾਲ ਵੀ ਵਾਪਰੀ ਹੈ। ਲਗਭਗ ਪਿਛਲੇ ਅਠਾਈ-ਤੀਹ ਸਾਲ ਤੋਂ ਇਹ 'ਸ਼ਹਿਰੀ' ਬਣਨ ਦਾ ਕਾਰਜ ਨਿਰੰਤਰ ਚੱਲ ਰਿਹਾ ਹੈ। ਇਸ ਸਭ ਦੇ ਬਾਵਜੂਦ ਪਿੰਡ ਵਾਲੇ ਰੰਗ ਨਾਲ ਅੰਦਰਲਾ ਗੂੜ੍ਹਾ ਰੰਗਿਆ ਪਿਆ ਹੈ। ਜਦ ਮੈਂ ਸਿਰਜਣਾ ਵਿੱਚ ਪੈਂਦਾ ਹਾਂ ਤਾਂ ਇਹ ਰੰਗ ਕਈ-ਕਈ ਰੂਪ ਵਟਾ ਕੇ ਮੇਰੀਆਂ ਕਹਾਣੀਆਂ ਵਿੱਚ ਆਣ ਸ਼ਾਮਲ ਹੁੰਦਾ। ਇਸ ਲਈ ਹੀ ਮੇਰੀਆਂ ਕਹਾਣੀਆਂ ਸ਼ਹਿਰ ਅਤੇ ਪਿੰਡ ਦੀ ਜੀਵਨ ਸ਼ੈਲੀ ਦੇ ਮਿਸ਼ਰਤ ਜੁੱਸੇ ਵਾਲੀਆਂ ਹਨ। ਉਂਝ ਵੇਖਿਆ ਜਾਵੇ ਤਾਂ ਪੰਜਾਬੀ ਲੋਕ-ਮਾਨਸ ਵੀ ਅੱਜਕੱਲ੍ਹ ਜ਼ਿਆਦਾਤਰ ਇਸੇ ਤਰਜ਼ ਦਾ ਹੈ। ਸ਼ਹਿਰੀਕਰਨ ਦੀ ਪ੍ਰਕਿਰਿਆ ਨੇ ਮੇਰੀ ਜਵਾਨੀ ਦੇ ਸਮੇਂ ਵਿੱਚ ਬਹੁਤ ਰਫ਼ਤਾਰ ਫੜੀ ਸੀ। ਇਹੀ ਰਫ਼ਤਾਰ ਅੱਜਕੱਲ੍ਹ ਪੰਜਾਬ ਜਾਂ ਦੇਸ਼ ਛੱਡ ਵਿਦੇਸ਼ ਜਾ ਵਸਣ ਵਿੱਚ ਦਿਸਦੀ ਹੈ। ਕਿਸੇ ਸਮੇਂ ਲੱਗਦਾ ਸੀ ਕਿ ਪਿੰਡ 'ਚੋਂ ਨਿਕਲ ਕੇ ਸ਼ਹਿਰ ਨੂੰ ਆਪਣੇ ਅਗਲੇ ਸੰਘਰਸ਼ ਦੀ ਭੂਮੀ ਬਣਾਓ। ਉਥੇ ਹੀ ਵਿਕਾਸ ਦੇ ਮੌਕੇ ਹਨ। ਪਿੰਡ ਖੜੋਤ ਵਿੱਚ ਜਾਪਦਾ ਸੀ। ਅਜੋਕੀ ਪੀੜ੍ਹੀ ਨੂੰ ਸਾਰਾ ਦੇਸ਼ ਹੀ ਖੜੋਤ ਵਿੱਚ ਜਾਪਣ ਲੱਗ ਪਿਆ ਹੈ। ਉਹ ਇਥੋਂ ਦਾ ਸਭ ਕੁਝ ਛੱਡ-ਛੁਡਾ ਕੇ ਪੱਛਮੀ ਦੇਸ਼ਾਂ ਜਾਂ ਵਿਕਸਤ ਸਰਮਾਏਦਾਰ ਦੇਸ਼ਾਂ ਵਿੱਚ ਜਾ ਵੱਸਣਾ ਚਾਹੁੰਦੇ ਨੇ। ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਤੋਂ ਨਿਜਾਤ ਦਾ ਇਹੀ ਸਭ ਤੋਂ ਸੌਖਾ ਤਰੀਕਾ ਜਾਪ ਰਿਹਾ ਹੈ। ਇਹ ਅਕਸਰ ਇਵੇਂ ਹੀ ਹੁੰਦੈ। ਹਰ ਪੀੜ੍ਹੀ ਨੇ ਆਪਣੇ ਹਿੱਸਾ ਦਾ ਸੰਘਰਸ਼ ਆਪਣੇ ਤਰੀਕਿਆਂ ਨਾਲ ਖ਼ੁਦ ਲੜਨਾ ਹੁੰਦੈ। ਕੁਝ ਇਸ ਤਰ੍ਹਾਂ ਦੀ ਜ਼ਿੰਦਗੀ ਮੇਰੇ ਆਸ-ਪਾਸ ਚਲਦੀ ਰਹੀ ਹੈ ਤੇ ਮੌਜੂਦਾ ਸਮੇਂ ਵੀ ਚੱਲ ਰਹੀ ਹੈ। ਮੈਂ ਇਸੇ ਜੀਵਨ ਤੋਰ ਨੂੰ ਪਕੜਨ ਅਤੇ ਪੇਸ਼ ਕਰਨ ਵਿੱਚ ਆਪਣੀ ਸ਼ਕਤੀ ਲਗਾਉਂਦਾ ਹਾਂ। ਮੈਂ ਪੰਜਾਬੀਆਂ ਦੀ ਸਮੁੱਚੀ ਜੀਵਨ ਧੜਕਣ ਨੂੰ ਆਪਣੀਆਂ ਕਹਾਣੀਆਂ ਵਿੱਚ ਸਮਾਉਣਾ ਚਾਹੁੰਨਾ। ਇਹ ਗੱਲਾਂ ਤੁਹਾਡੇ ਵਰਗੇ ਵਿਦਵਾਨ ਬਾਅਦ ਵਿੱਚ ਦੱਸਦੇ ਨੇ ਕਿ ਇਹ ਮੈਂ ਜੋ ਸਿਰਜਿਆ ਹੈ, ਇਸ ਨੂੰ ਮੂਲ ਸ਼ਕਤੀ ਕਿੱਥੋਂ ਤੇ ਕਿਹੜੇ ਸਰੋਤਾਂ ਤੋਂ ਮਿਲ ਰਹੀ ਹੈ। ਨਿਸ਼ਚੇ ਹੀ ਇਹ ਪਿੰਡ ਅਤੇ ਸ਼ਹਿਰ ਮੇਰੀਆਂ ਕਹਾਣੀਆਂ ਦੇ ਸਿਰਜਣ ਆਧਾਰ ਹਨ। ਸਗੋਂ ਹੁਣ ਤਾਂ ਕਹਾਂਗਾ ਕਿ ਵਿਦੇਸ਼ੀ ਧਰਤੀਆਂ ਵੀ ਇਸ ਸਭ ਨੂੰ ਤਾਕਤ ਬਖ਼ਸ਼ ਰਹੀਆਂ ਹਨ। ਮੇਰੀ ਤਾਜ਼ਾ ਕਹਾਣੀ 'ਫ਼ਸਲਾਂ ਦੇ ਫੈਸਲੇ' ਵਿਚਲਾ ਪਾਤਰ ਨਵੀ ਕੈਨੇਡਾ ਦੀ ਧਰਤੀ 'ਤੇ ਬੈਠਾ ਇਸ ਕਹਾਣੀ ਦੀ ਅਹਿਮ ਕੜੀ ਬਣ ਰਿਹਾ ਹੈ। ਸੱਚ ਆਖਾਂ ਤਾਂ ਜਿੱਦਾਂ ਦੀ ਸਾਡੀ ਜੀਵਨ ਤੋਰ ਹੋਵੇਗੀ, ਉਸੇ ਤਰ੍ਹਾਂ ਦੀਆਂ ਕਹਾਣੀਆਂ ਦੇ ਰੰਗ ਹੋਣਗੇ। ਆਖ਼ਰ ਕਹਾਣੀਆਂ ਸਾਡੇ ਆਸ-ਪਾਸ ਦੇ ਜੀਵਨ ਦੇ ਵੱਖ-ਵੱਖ ਰੰਗਾਂ ਦੀ ਹੀ ਤਾਂ ਪੇਸ਼ਕਾਰੀ ਹੈ।

? ਤੁਹਾਡੀਆਂ ਕਹਾਣੀਆਂ ਆਸ-ਪਾਸ ਦੇ ਵੱਡੇ ਮਸਲਿਆਂ ਨੂੰ ਆਪਣੀ ਸਿਰਜਣਾ ਵਿੱਚ ਢਾਲਦੀਆਂ ਨਜ਼ਰੀਂ ਪੈਂਦੀਆਂ ਹਨ, ਭਾਵ ਕੋਈ ਵੱਡਾ ਅੰਦੋਲਨ ਜਾਂ ਵੱਡੀ ਤ੍ਰਾਸਦੀ ਆਦਿ, ਜਦ ਕਿ ਕਹਾਣੀ ਤਾਂ ਜੀਵਨ ਦੀ ਕਿਸੇ ਛੋਟੀ ਜਿਹੀ ਘਟਨਾ ਜਾਂ ਅਹਿਸਾਸ 'ਤੇ ਵੀ ਲਿਖੀ ਜਾ ਸਕਦੀ ਹੈ। ਤੁਸੀਂ ਅਜਿਹਾ ਕਰਦੇ ਕਿਉਂ ਨਜ਼ਰੀਂ ਪੈਂਦੇ ਹੋ, ਇਸ ਨੂੰ ਤੁਹਾਡੀ ਸ਼ਕਤੀ ਮੰਨਾਂ ਜਾਂ ਕਮਜ਼ੋਰੀ।

—ਹਾ ਹਾ ਹਾ ... ਇਸ ਨੂੰ ਤੁਸੀਂ ਜਾਂ ਬਾਕੀਆਂ ਨੇ ਕੀ ਮੰਨਣਾ, ਇਹ ਤੁਹਾਡੇ 'ਤੇ ਛੱਡਿਆ, ਪਰ ਵੱਡੀ ਗੱਲ ਇਹ ਹੈ ਕਿ ਜੋ ਸਿਰਜਿਆ ਹੈ, ਉਹ ਸਾਰਥਕ ਹੈ ਜਾਂ ਨਹੀਂ। ਤੁਹਾਡਾ ਪ੍ਰਸ਼ਨ ਵਾਜਿਬ ਹੈ। ਮਿਸਾਲ ਵਜੋਂ ਮੇਰੀ ਕਹਾਣੀ 'ਵਾਰਸ' ਪੰਜਾਬ ਦੇ ਕਾਲ਼ੇ ਦਿਨਾਂ ਵਿੱਚ ਪੰਜਾਬ ਵਿੱਚ ਜੀਵੀ ਜਾ ਰਹੀ ਜ਼ਿੰਦਗੀ ਨੂੰ ਆਪਣੀ ਸਿਰਜਣਾ ਵਿੱਚ ਢਾਲਦੀ ਹੈ। ਇਸ ਕਹਾਣੀ ਵਿੱਚ ਮੁੱਖ ਫੋਕਸ ਪੰਜਾਬ ਦੇ ਹਾਲਾਤ ਦੇ ਮੱਦੇਨਜ਼ਰ ਕਾਲਜਾਂ ਵਿੱਚ ਪੜ੍ਹ ਰਹੇ ਨੌਜਵਾਨਾਂ ਦੇ ਮਨਾਂ ਵਿੱਚ ਵਾਪਰੇ ਬਦਲਾਓ ਨੂੰ ਪਕੜਨ ਦੇ ਨਾਲ-ਨਾਲ ਇਸ ਵੱਡੀ ਤ੍ਰਾਸਦੀ ਨਾਲ ਪੰਜਾਬ ਵਿੱਚ ਸ਼ੁਰੂ ਹੋਈ ਪਰਵਾਸ ਦੀ ਅੰਤਰ ਤਰੰਗ ਨੂੰ ਪਕੜਨ ਵਿੱਚ ਹੈ। ਇਵੇਂ ਹੀ 'ਕਾਲਖ਼ ਕੋਠੜੀ' ਕਹਾਣੀ ਪੰਜਾਬ ਵਿੱਚ ਨਵੇਂ ਬਦਲਾਓ ਦੇ ਨਾਅਰੇ ਤਹਿਤ ਹੋਂਦ ਵਿੱਚ ਆਈ ਨਵੀਂ ਰਾਜਨੀਤਕ ਪਾਰਟੀ ਦੀ ਰਾਜਨੀਤੀ ਦੀਆਂ ਅੰਦਰੂਨੀ ਪਰਤਾਂ ਨੂੰ ਫੜਨ ਵੱਲ ਵਧਦੀ ਹੈ। ਕਹਾਣੀ 'ਸੰਤ ਦਾ ਕਤਲ' ਮੱਧਵਰਗੀ ਦਲਿਤ ਬੰਦੇ ਅੰਦਰ ਸਿੱਖਿਆ ਦੇ ਚਾਨਣ ਨਾਲ ਅੰਦਰੂਨੀ ਵਾਪਰੀਆਂ ਤਬਦੀਲੀਆਂ ਅਤੇ ਇਨ੍ਹਾਂ ਤਬਦੀਲੀਆਂ ਦੇ ਫਲਸਰੂਪ ਉਸ ਦੇ ਸੰਘਰਸ਼ ਦੇ ਬਹੁਕੋਨੀ ਬਣ ਜਾਣ ਦੀ ਗੱਲ ਕਰਦੀ ਹੈ। ਕਹਾਣੀ 'ਸਾਂਝਾਂ ਦੀ ਸ਼ਤਰੰਜ' ਉੱਚ ਵਿਦਿਅਕ ਅਦਾਰਿਆਂ ਅੰਦਰਲੀ ਜਾਤੀ ਅਤੇ ਜਮਾਤੀ ਰਾਜਨੀਤੀ ਦੀਆਂ ਪਰਤਾਂ ਵਿੱਚ ਉੱਤਰਦੀ ਹੈ। ਕਹਾਣੀ 'ਫੁੱਲਾਂ ਦੀ ਫ਼ਸਲ' ਨੇ ਚੰਗੇ ਭਲ਼ੇ ਖਾਂਦਿਆਂ-ਪੀਂਦਿਆਂ ਪਰਵਾਰਾਂ ਦੇ ਬੱਚਿਆਂ ਦੇ ਵਿਦੇਸ਼ਾਂ ਵੱਲ ਮੁਹਾਣ ਮੋੜ ਲੈਣ ਦੀ ਤੰਦ ਚਿਤਰੀ ਸੀ। ਮੇਰੀ ਤਾਜ਼ਾ ਕਹਾਣੀ 'ਫ਼ਸਲਾਂ ਦੇ ਫੈਸਲੇ' ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੇ ਬਾਰਡਰਾਂ 'ਤੇ ਚੱਲੇ ਕਿਸਾਨੀ ਅੰਦੋਲਨ ਦੀ ਪਿੱਠਭੂਮੀ ਨੂੰ ਆਧਾਰ ਬਣਾਉਂਦਿਆਂ ਰਚੀ ਗਈ ਹੈ। ਹੁਣ ਤੁਸੀਂ ਆਪ ਇਸ ਗੱਲ ਦਾ ਫੈਸਲਾ ਕਰੋ ਕਿ ਇਹ ਜੋ ਰਚਿਆ ਗਿਆ ਹੈ ਇਹ ਮਹੱਤਵਪੂਰਨ ਹੈ ਜਾਂ ਨਹੀਂ? ਇਸ ਨੂੰ ਰਚੇ ਜਾਣ ਦੀ ਜ਼ਰੂਰਤ ਸੀ ਜਾਂ ਨਹੀਂ? ਆਪਣੀ ਪਿੱਠ ਥਾਪੜਦਿਆਂ ਮੈਂ ਕਹਿ ਸਕਦਾ ਹਾਂ ਕਿ ਮੈਂ ਪੰਜਾਬ ਵਿੱਚ ਪਿਛਲੇ ਪੰਜਾਹ ਕੁ ਸਾਲ ਵਿੱਚ ਉੱਠੇ ਵੱਡੇ ਮਸਲਿਆਂ ਵਿੱਚੋਂ ਕੁਝ ਇੱਕ ਨੂੰ ਆਪਣੀ ਗਲਪ ਵਿੱਚ ਢਾਲਣ ਦਾ ਕਾਰਜ ਕੀਤਾ ਹੈ। ਅਜਿਹਾ ਕਰਦਿਆਂ ਮੈਂ ਪੰਜਾਬ ਦੀ ਜ਼ਿੰਦਗੀ ਦੇ ਸਮਾਜਕ, ਆਰਥਕ ਅਤੇ ਰਾਜਨੀਤਕ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਢਾਲਿਆ ਹੈ। ਅਜਿਹਾ ਕਰਦਿਆਂ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਘਟਨਾਵਾਂ ਜਾਂ ਤੁਹਾਡੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ 'ਅਹਿਸਾਸ' ਇਸ ਦਾ ਆਪਣੇ ਆਪ ਹੀ ਹਿੱਸਾ ਬਣ ਗਏ ਹਨ। ਜਿਵੇਂ ਕਹਿੰਦੇ ਹੁੰਦੇ ਨੇ, 'ਹਾਥੀ ਦੇ ਪੈਰ 'ਚ ਸਾਰੇ ਪੈਰ।' ਇਸ ਲਈ ਇਹ ਗੱਲ ਮੈਨੂੰ ਇਵੇਂ ਜਾਪਦੀ ਹੈ। ਬਾਕੀ ਸਾਰੀ ਗੱਲ ਦੇ ਨਿਰਣੇ ਨੂੰ ਵਿਦਵਾਨਾਂ/ ਪਾਠਕਾਂ 'ਤੇ ਛੱਡਣਾ ਬਿਹਤਰ ਹੋਵੇਗਾ।

? ਤੁਸੀਂ ਆਪ ਵੀ ਕਿਹਾ ਹੈ ਤੇ ਇਹ ਗੱਲ ਸੱਚ ਵੀ ਹੈ ਕਿ ਤੁਹਾਡੀਆਂ ਕਹਾਣੀਆਂ ਪੰਜਾਬ ਦੇ ਸਮਾਜਕ, ਆਰਥਕ ਅਤੇ ਰਾਜਨੀਤਕ ਪਰਿਵੇਸ਼ ਵਿੱਚੋਂ ਜਨਮ ਧਾਰਦੀਆਂ ਹਨ। ਖ਼ਾਸਕਰ ਰਾਜਨੀਤਕ ਵਿਸ਼ਿਆਂ ਨੂੰ ਆਧਾਰ ਬਣਾ ਕੇ ਲਿਖਣਾ ਮੁਸ਼ਕਲ ਸਮਝਿਆ ਜਾਂਦਾ ਅਤੇ ਇਸ ਖੇਤਰ ਨੂੰ ਸਿਰਜਣਾ ਦੇ ਪੱਖ ਤੋਂ ਕੁਝ ਨੀਰਸ ਵੀ ਮੰਨਿਆ ਜਾਂਦਾ ਹੈ। ਤੁਹਾਡੇ ਬਹੁਤੇ ਸਮਕਾਲੀ ਕਹਾਣੀਕਾਰ ਇਸ ਬੰਨਿਓਂ ਟਾਲ਼ਾ ਵੱਟਦੇ ਨਜ਼ਰੀਂ ਪੈਂਦੇ ਹਨ। ਇਹ ਦੱਸੋ ਕਿ ਤੁਸੀਂ ਇਸ ਔਖਿਆਈ ਨਾਲ ਨਜਿੱਠਦਿਆਂ ਆਪਣੀਆਂ ਕਹਾਣੀਆਂ ਵਿੱਚ ਇਸ ਚੁਣੌਤੀ ਨੂੰ ਕਿਵੇਂ ਨਜਿੱਠਿਆ।

—ਜਿਸ ਜੀਵਨ-ਧਾਰਾ 'ਤੇ ਲੇਖਕ ਦੀ ਪਕੜ ਹੋਵੇ ਅਤੇ ਉਸ ਨੂੰ ਪ੍ਰਗਟਾਉਣ ਦਾ ਵੱਲ ਹੋਵੇ ਤਾਂ ਫਿਰ ਨਾ ਤਾਂ ਔਖ ਰਹਿੰਦੀ ਹੈ ਅਤੇ ਨਾ ਹੀ ਨੀਰਸਪੁਣਾ। ਅਸਲ ਗੱਲ ਤਾਂ ਲੇਖਕ ਦੇ ਅਨੁਭਵ ਦੀ ਗਹਿਰਾਈ ਅਤੇ ਇਸ ਨੂੰ ਢੁਕਵੇਂ ਅੰਦਾਜ਼ ਵਿੱਚ ਕਹਿ ਸਕਣ ਦੀ ਯੋਗਤਾ ਵਿੱਚ ਛੁਪੀ ਹੋਈ ਹੈ। ਜਿਨ੍ਹਾਂ ਵੱਡੇ ਮਸਲਿਆਂ ਦੀ ਗੱਲ ਕਰਦਿਆਂ ਪਿੱਛੇ ਜ਼ਿਕਰ ਆਇਆ ਹੈ, ਇਹ ਮੈਨੂੰ ਬੁਰੀ ਤਰ੍ਹਾਂ ਝੰਜੋੜਦੇ ਰਹੇ ਹਨ। ਇਹ ਸਭ ਮੇਰੀ ਰੂਹ ਦੇ ਕਰੀਬੀ ਮਾਮਲੇ ਹਨ। ਮੈਂ ਇਸ ਸਭ ਨੂੰ ਬਹੁਤ ਕਰੀਬ ਤੋਂ ਵੇਖਿਆ ਅਤੇ ਅਨੁਭਵ ਕੀਤਾ ਹੈ। ਬਹੁਤ ਕੁਝ ਸਿੱਧੇ ਅਨੁਭਵ ਵਿੱਚੋਂ ਨਿਕਲਿਆ ਹੈ। ਬਾਕੀ ਕੰਮ ਕਲਪਨਾਸ਼ੀਲ ਮਨ ਨੇ ਕਰਨਾ ਹੁੰਦਾ ਹੈ। ਵੈਸੇ ਵੇਖਿਆ ਜਾਵੇ ਤਾਂ ਸਿਰਜਣਕਾਰੀ ਪੱਖੋਂ ਇਹ ਹੈ ਤਾਂ ਮੁਸ਼ਕਲ ਕੰਮ। ਇਨ੍ਹਾਂ ਵਿਸ਼ਿਆਂ ਨੂੰ ਲੈ ਕੇ ਪਾਠਕ ਨੂੰ ਕਹਾਣੀ ਪਰੋਸਦਿਆਂ ਕਹਾਣੀ ਵਿਚਲਾ ਕਥਾ-ਰਸ ਸਭ ਤੋਂ ਵੱਡੀ ਚੁਣੌਤੀ ਹੁੰਦਾ ਹੈ, ਕਿਉਂਕਿ ਕਾਮੁਕ ਵਿਸ਼ਿਆਂ ਦੁਆਲੇ ਸਿਰਜ ਹੁੰਦੀ ਕਹਾਣੀ ਵਿੱਚ ਆਪਣੇ ਆਪ ਹੀ ਅਜਿਹਾ ਕੁਝ ਸ਼ਾਮਲ ਹੁੰਦਾ ਹੈ, ਜਿਹੜਾ ਪਾਠਕਾਂ ਦੀ ਬੁਨਿਆਦੀ ਫਿਤਰਤ ਨੂੰ ਟੁੰਬਣ ਵਾਲਾ ਹੁੰਦਾ ਹੈ। ਸਮਾਜਕ ਰਿਸ਼ਤਿਆਂ ਤੋਂ ਬਾਹਰਲੇ ਕਾਮ ਸੰਬੰਧਾਂ ਬਾਰੇ ਕਹਾਣੀ ਲਿਖਦਿਆਂ ਸਨਸਨੀ ਦੀ ਗੁੰਜਾਇਸ਼ ਵਧੇਰੇ ਬਣੀ ਰਹਿੰਦੀ ਹੈ। ਕਾਮ ਬੰਦੇ ਦੀ ਜਮਾਂਦਰੂ ਰੁਚੀ ਹੋਣ ਕਰਕੇ ਅਜਿਹੇ ਵਿਸ਼ੇ ਮੱਲੋਮੱਲੀ ਹੀ ਧਿਆਨ ਖਿੱਚ ਲੈਂਦੇ ਹਨ। ਪਾਏਦਾਰ ਰਚਨਾਕਾਰੀ ਹਮੇਸ਼ਾ ਹੀ ਵੱਡੀ ਚੁਣੌਤੀ ਸੁੱਟਦੀ ਹੈ ਅਤੇ ਇਸ ਲਈ ਹਮੇਸ਼ਾ ਹੀ ਵੱਡੀ ਪ੍ਰਤਿਭਾ ਦੀ ਲੋੜ ਬਣੀ ਰਹਿੰਦੀ ਹੈ। ਜਿਸ ਤਰ੍ਹਾਂ ਦੇ ਵਿਸ਼ੇ ਲੈ ਕੇ ਮੈਂ ਕਹਾਣੀਆਂ ਰਚੀਆਂ ਹਨ ਤੇ ਉਨ੍ਹਾਂ ਨੂੰ ਵੱਡੀ ਪਾਠਕੀ ਪ੍ਰਵਾਨਗੀ ਵੀ ਪ੍ਰਾਪਤ ਹੋਈ ਹੈ ਤਾਂ ਇਸ ਦਾ ਅਰਥ ਇਹੀ ਹੈ ਕਿ ਪੰਜਾਬੀ ਸਮਾਜ ਅੰਦਰ ਅਰਥਵਾਨ ਰਚਨਾਕਾਰੀ ਨੂੰ ਪੜ੍ਹਨ ਅਤੇ ਸਲਾਹੁਣ ਵਾਲਿਆਂ ਦੀ ਵੀ ਕੋਈ ਤੋਟ ਨਹੀਂ। ਬੱਸ ਇਹੀ ਪਾਠਕੀ ਸ਼ਕਤੀ ਮੈਥੋਂ ਆਪਣਾ ਕਾਰਜ ਕਰਵਾਈ ਜਾ ਰਹੀ ਹੈ।

? ਤੁਹਾਡੀਆਂ ਕਹਾਣੀਆਂ ਵਿਚਲਾ ਕਥਾ-ਪ੍ਰਵਾਹ ਪਿਛਲਝਾਤ ਦੀ ਜੁਗਤ ਨਾਲ ਅੱਗੇ ਵਧਦਾ ਹੈ। ਇਸ ਜੁਗਤ ਨੂੰ ਤੁਸੀਂ ਕਿੰਨੀ ਕੁ ਕਾਰਗਰ ਮੰਨਦੇ ਹੋ।

—ਜਿਸ ਕਿਸਮ ਦੀ ਕਹਾਣੀ ਮੈਂ ਲਿਖਦਾ ਜਾਂ ਜਿਸ ਕਿਸਮ ਦੀਆਂ ਮੇਰੀਆਂ ਕਹਾਣੀਆਂ ਦੇ ਪਲਾਟ ਹੁੰਦੇ ਹਨ, ਉਨ੍ਹਾਂ ਵਿੱਚ ਇਹ ਫਲੈਸ਼ਬੈਕ (ਪਿਛਲਝਾਤ) ਦੀ ਜੁਗਤ ਜ਼ਰੂਰੀ ਵੀ ਹੈ ਤੇ ਇਹ ਬਹੁਤ ਕਾਰਗਰ ਰੂਪ ਵਿੱਚ ਕਾਰਜ ਵੀ ਕਰਦੀ ਹੈ। ਜਿਵੇਂ ਪਿੱਛੇ ਜ਼ਿਕਰ ਹੋਇਆ ਹੈ ਕਿ 'ਫੁੱਲਾਂ ਦੀ ਫ਼ਸਲ' ਕਿਤਾਬ ਵਿਚਲੀਆਂ ਮੇਰੀਆਂ ਕਹਾਣੀਆਂ ਅਕਸਰ ਇਤਿਹਾਸ ਦੇ ਲੰਮੇ ਕਾਲਖੰਡ 'ਤੇ ਫੈਲੀਆਂ ਜ਼ਿੰਦਗੀ ਦੇ ਵੱਡੇ ਦ੍ਰਿਸ਼ਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਇਸ ਲਈ ਇਸ ਲੰਮੇ ਕਾਲਖੰਡ ਵਿੱਚ ਫੈਲਣ ਲਈ ਵਰਤਮਾਨ ਦੇ ਸੰਬੰਧ ਅਤੀਤ ਨਾਲ ਜੋੜਨ ਲਈ ਇਹ ਫ਼ਲੈਸ਼ਬੈਕ ਦੀ ਜੁਗਤ ਹੀ ਵਰਤੀ ਜਾ ਸਕਦੀ ਹੈ, ਪਰ ਇਹ ਕੋਈ ਮਕਾਨਕੀ ਕਾਰਜ ਨਹੀਂ ਹੁੰਦਾ। ਸਿਰਜਣਕਾਰੀ ਦੌਰਾਨ ਇਹ ਸਭ ਆਪਣੇ ਆਪ ਹੀ ਹੁੰਦਾ ਰਹਿੰਦਾ ਹੈ। ਇਹ ਤਾਂ ਬਾਅਦ ਵਿੱਚ ਵਿਦਵਾਨ ਸੱਜਣ ਲੱਭਦੇ ਹਨ ਕਿ ਕਿਹੜੀ-ਕਿਹੜੀ ਜੁਗਤ ਵਰਤਦਿਆਂ ਕਹਾਣੀ ਸਿਰਜੀ ਗਈ। ਵੈਸੇ ਇਹ ਵਰਤਮਾਨ ਤੋਂ ਅਤੀਤ ਵੱਲ ਜਾਣ ਅਤੇ ਮੁੜ ਵਰਤਮਾਨ ਵੱਲ ਵਾਪਸੀ ਦੀ ਸਫ਼ਲ ਉਡਾਨ ਹੰਢੇ ਹੋਏ 'ਪਾਇਲਟ' ਬਗੈਰ ਸੰਭਵ ਨਹੀਂ, ਨਹੀਂ ਤਾਂ ਉਡਾਨ ਦੇ ਕਰੈਸ਼ ਹੋਣ ਦੀ ਸੰਭਾਵਨਾ ਵੀ ਨਿਰੰਤਰ ਬਣੀ ਰਹਿੰਦੀ ਹੈ।

? ਕਈ ਸਫ਼ਲ ਕਹਾਣੀਕਾਰ 'ਮੈਂ' ਪਾਤਰ ਰਾਹੀਂ ਕਥਾ-ਪ੍ਰਬੰਧ ਸਿਰਜਦੇ ਹਨ, ਜਦ ਕਿ ਤੁਸੀਂ ਆਪਣੀਆਂ ਕਹਾਣੀਆਂ ਵਿੱਚ ਨਾਟਕਕਾਰ ਵਾਂਗ 'ਸੂਤਰਧਾਰ' ਨਜ਼ਰੀਂ ਆਉਂਦੇ ਹੋ। ਇਸ ਦੇ ਪਿੱਛੇ ਕੀ ਕਾਰਨ ਹਨ।

—ਕਹਾਣੀ ਕਹਿਣ ਲਈ ਕਿਸ ਜੁਗਤ ਦੀ ਵਰਤੋਂ ਹੋਣੀ ਹੈ, ਇਸ ਦਾ ਬਹੁਤਾ ਫੈਸਲਾ ਕਹਾਣੀ ਦੀ ਰਚਨਾ ਸਮੱਗਰੀ ਅਤੇ ਇਸ ਅੰਦਰਲੇ ਸੰਸਾਰ ਨੇ ਕਰਨਾ ਹੁੰਦਾ ਹੈ। ਲੇਖਕ ਨੇ ਤਾਂ ਇਹ ਵੇਖਣਾ ਹੁੰਦਾ ਹੈ ਕਿ ਉਹ ਜੋ ਸਿਰਜਣਾ ਚਾਹੁੰਦਾ ਹੈ, ਉਸ ਲਈ ਠੀਕ ਤਰੀਕਾਕਾਰ ਕਿਹੜਾ ਹੋਵੇ? ਇਹ ਲੇਖਕ ਦੀ ਸੁਤੰਤਰ ਸਿਰਜਣਕਾਰੀ ਨਾਲ ਜੁੜਿਆ ਮਾਮਲਾ ਹੈ। ਮੇਰੀਆਂ ਕਹਾਣੀਆਂ ਵਿੱਚ ਮੇਰੇ ਪਾਤਰਾਂ ਦੇ ਅੰਦਰਲੇ ਅਤੇ ਬਾਹਰਲੇ ਸੰਸਾਰ ਵਿੱਚ ਨਿਰੰਤਰ ਭੇੜ ਬਣਿਆ ਰਹਿੰਦਾ ਹੈ। ਇਹ ਕਹਾਣੀਆਂ